# ਸੂਰਾ

ਮਾਸਕ ਪੱਤਰ

ਅੰਮ੍ਰਿਤਸਰ AMRITSAR

## ਗੁਰਦਵਾਰਾ ਫ਼ਤਹਗੜ੍ਹ ਸਾਹਿਬ
## ਸਰਹੰਦ



ਅਗਸਤ ੧੯੭੪

AUGUST 1974

www.AKJ.Org

ਡੀ. ਪੀ. ਆਈ. ਪੰਜਾਬ ਵਲੋਂ ਚਿੱਠੀ ਨੰਬਰ 3/70-68-21 (ਅ.ਪ.) ਮਿਤੀ 17-10-68 ਅਨੁਸਾਰ
'ਸੂਰਾ' ਮਾਸਕ ਪੱਤਰ ਕਾਲਜਾਂ, ਸਕੂਲਾਂ, ਅਤੇ ਸਮਾਜਿਕ ਸਿਖਿਆ ਕੇਂਦਰਾਂ ਦੀਆਂ ਲਾਇਬ੍ਰੇਰੀਆਂ ਲਈ ਪਰਵਾਨ ਹੈ।

## ਤਤਕਰਾ


| | | |
|---|---|---|
| ਸਾਵਣਿ ਸਰਸ ਮਨਾ | ਬਾਰਹਮਾਹ ਤੁਖਾਰੀ ਮ: ੧ | ੧ |
| ਕੁਮਾਰ ਹੱਟੀ ਸਮਾਗਮ ਦੇ ਅਦੁੱਤੀ ਨਜ਼ਾਰੇ ਤੇ ਗੁਰਮਤੇ | ਬਾਊ ਮਲ ਸਿੰਘ ਜੀ | ੨ |
| ਗੁਰਮੁਖਿ ਸੁਖੁ ਫਲੁ | ਭਾਈ ਸਾਹਿਬ ਗੁਰਦਾਸ ਜੀ | ੩ |
| ਅਕਾਲ ਪੁਰਖ ਦਾ ਦਰਸ-ਮਿਲਾਪ (ਨੰ: ੩) | ਭਾਈ ਸਾਹਿਬ ਰਣਧੀਰ ਸਿੰਘ ਜੀ | ੪ |
| ਜੀਵਨ ਜੁਗਤੀ | ਡਾ: ਭਾਈ ਜੋਧ ਸਿੰਘ ਜੀ | ੮ |
| ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ | ਗਿਆਨੀ ਹਰਬੰਸ ਸਿੰਘ ਜੀ | ੧੩ |
| 'ਗੁਰ ਮੂਰਤਿ ਗੁਰ ਸਬਦੁ ਹੈ' ਜਾਂ ਕਿ ਫ਼ਿਲਮਾਂ | ਸੂਰਾ ਪਰਵਾਰ | ੧੯ |
| ਕੇਸਕੀ (ਛੋਟੀ ਦਸਤਾਰ) ਤੇ ਸਿੰਘ | ਗਿਆਨੀ ਗੋਪਾਲ ਸਿੰਘ ਜੀ ਮਿਤਰ | ੨੩ |
| ਕੇਸਕੀ ਤੇ ਸਿੰਘਣੀਆਂ | ਬੀਬੀ ਅਮਰਜੀਤ ਕੌਰ ਜੀ ਰਾਜਿਸਥਾਨ | ੨੫ |
| ਕਿਆ ਮਦਿ ਛੂਛੈ ਭਾਉ ਧਰੈ | ਗਿਆਨੀ ਜੀਤ ਸਿੰਘ ਜੀ ਬੰਬੇ | ੨੮ |
| ਗੁਰੂ-ਮਾਰੀ ਸਰਹਿਦ | ਸ: ਸੇਵਾ ਸਿੰਘ ਜੀ ਸੇਵਕ | ੩੦ |
| ਭੰਗਾਣੀ ਦਾ ਜੁੱਧ (ਦੂਜੀ ਕਿਸ਼ਤ) | ਪ੍ਰਿੰਸੀਪਲ ਸੁਜਾਨ ਸਿੰਘ ਜੀ | ੩੨ |
| ਬਨਾਸਪਤੀ ਘਿਓ ਵਿਚ ਤੰਬਾਕੂ ਦਾ ਤੇਲ | ਰੋਜ਼ਾਨਾ ਜਾਗਰਣ, ਕਾਨਪੁਰ | ੩੯ |
| ਕੁਰਾਨ ਦੀ ਸ਼ੁਧ ਛਪਾਈ ਬਾਰੇ ਕਾਨੂੰਨ | ਗੁਰਮਤਿ ਵਿਚਾਰ ਪਤ੍ਰਕਾ | ੩੯ |
| ਰਿਸ਼ਤੇ ਨਾਤੇ | ਲੋੜਵਦਾਂ ਵਲੋਂ | ੪੦ |


## ਦਿਨ ਦਿਹਾਰ ਅਗਸਤ ੭੪

ਜੋੜ-ਮੇਲ ਬਾਬਾ ਬਕਾਲਾ ਸਾਹਿਬ ੩ ਅਗਸਤ

ਸੰਗਰਾਂਦ ਭਾਦਰੋਂ ੧੬ ਅਗਸਤ    ਪੂਰਨਮਾਸ਼ੀ ੩ ਅਗਸਤ    ਮਸਿਆ ੧੭ ਅਗਸਤ

## ਸੂਰਾ ਮਾਸਕ ਪੱਤਰ ਨੂੰ ਸਹਾਇਤਾ

| | |
|---|---|
| ਸ: ਹਰਭਜਨ ਸਿੰਘ ਜੀ, ਜਲੰਧਰ | ੪-੦੦ |
| L/Nk ਦਰਬਾਰਾ ਸਿੰਘ ਜੀ, ਗੁਰਦਾਸਪੁਰ | ੬-੦੦ |
| ਟਿਕ ਪ੍ਰੇਮੀ ਜੀ, ਧਨਬਾਦ ਬਿਹਾਰ ਤੋਂ | ੧੯-੦੦ |
| ਸ: ਸੁਰਿੰਦਰ ਸਿੰਘ ਜੀ, ਕੋਟਾ (ਰਾਜਿਸਥਾਨ) | ੨-੫੦ |

ਜੀਊਲ ਫਾਈਨ ਪ੍ਰਿੰਟਰਜ਼, ਹਾਥੀਖਾਨਾ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ ਤੇ ਪਬਲਿਸ਼ਰ ਨੇ ਸਰਬ ਹਿੰਦ ਅਖੰਡ ਕੀਰਤਨੀ ਜੱਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ਪ੍ਰਕਾਸ਼ਤ ਕੀਤਾ।

ਟੈਲੀਫੋਨ ਨੰਬਰ 51847

www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ॥

ਸਾਲਾਨਾ ਚੰਦਾ ਦੇਸ : ੬ ਰੁਪਏ
ਫ਼ੀ ਕਾਪੀ : ੫੦ ਪੈਸੇ




ਪਰਦੇਸ : ਸਮੁੰਦਰੀ ਡਾਕ ਇਕ ਪੌਂਡ
ਹਵਾਈ ਡਾਕ ਦੇ ਰੇਟ ਵਖ ਵਖ ਹਨ ।

## ਸਰਬ ਹਿੰਦ ਅਖੰਡ ਕੀਰਤਨੀ ਜੱਥੇ ਵਲੋਂ ਗੁਰਮਤਿ ਮਾਸਕ ਪੱਤਰ

ਜਿਲਦ ੮ ੧ ਅਗਸਤ, ੧੯੭੪ ਅੰਕ ੮

### ਸਾਵਣਿ ਸਰਸ ਮਨਾ

ਸਾਵਣਿ ਸਰਸ[1] ਮਨਾ, ਘਣ[2] ਵਰਸਹਿ ਰੁਤਿ ਆਏ ॥
ਮੈ ਮਨਿ ਤਨਿ ਸਹੁ ਭਾਵੈ, ਪਿਰ[3] ਪਰਦੇਸਿ ਸਿਧਾਏ[4] ॥
ਪਿਰੁ ਘਰਿ ਨਹੀ ਆਵੈ; ਮਰੀਐ ਹਾਵੈ[5], ਦਾਮਨਿ[6] ਚਮਕਿ ਡਰਾਏ ॥
ਸੇਜ ਇਕੇਲੀ, ਖਰੀ[7] ਦੁਹੇਲੀ[8], ਮਰਣੁ ਭਇਆ ਦੁਖੁ ਮਾਏ ॥
ਹਰਿ ਬਿਨੁ ਨੀਦ ਭੂਖ ਕਹੁ ਕੈਸੀ, ਕਾਪੜੁ ਤਨਿ ਨ ਸੁਖਾਵਏ ॥
ਨਾਨਕ ਸਾ ਸੁਹਾਗਣਿ ਕੰਤੀ[9], ਪਿਰ ਕੈ ਅੰਕਿ[10] ਸਮਾਏ ॥੯॥

[ਬਾਰਹਮਾਹ ਤੁਖਾਰੀ ਮ: ੧

੧. ਹਰਾ ਹੋ, ਰਸ ਵਾਲਾ ਹੋ । ੨. ਬੱਦਲ । ੩. ਪਿਆਰੇ ਪਤੀ ਜੀ । ੪. ਚਲੇ ਗਏ ਹਨ । ੫. ਹਾਹੁਕੇ ਵਿਚ । ੬. ਬਿਜਲੀ । ੭. ਬਹੁਤ । ੮. ਦੁਖਦਾਈ । ੯. ਜਿਸ ਨੂੰ ਕੰਤ ਪਿਆਰ ਕਰਦਾ ਹੈ । ੧੦. ਗਲਵਕੜੀ, ਝੋਲੀ ਵਿਚ ।

ਐਡੀਟਰ : ਗਿਆਨੀ ਜਸਵੰਤ ਸਿੰਘ, ਬੀ. ਏ., ਬੀ. ਟੀ.

www.AKJ.Org

# ਕੁਮਾਰਹੱਟੀ ਸਮਾਗਮ ਦੇ ਅਦੁੱਤੀ ਨਜ਼ਾਰੇ ਤੇ ਗੁਰਮਤੇ

ਪਿਛਲੇ ਕਈ ਸਾਲਾਂ ਤੋਂ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਪੁਰਬ ਕੁਮਾਰਹੱਟੀ (ਤਪੋ-ਅਸਥਾਨ ਭਾਈ ਸਾਹਿਬ ਰਣਧੀਰ ਸਿੰਘ ਜੀ) ਵਿਖੇ ਮਨਾਇਆ ਜਾਂਦਾ ਰਿਹਾ ਹੈ, ਪਰ ਐਤਕੀ ਇਹ ਸ਼ਹੀਦੀ ਗੁਰਪੁਰਬ ਹੁਸ਼ਿਆਰਪੁਰ ਦੀਆਂ ਸੰਗਤਾਂ ਦੀ ਖਿਚ ਕਾਰਨ ਹੁਸ਼ਿਆਰਪੁਰ ਵਿਖੇ ਮਨਾਇਆ ਗਿਆ।

ਭਾਈ ਬਾਵਾ ਸਿੰਘ ਜੀ ਤੇ ਚੰਡੀਗੜ੍ਹ ਦੀਆਂ ਸੰਗਤਾਂ ਦੇ ਉਤਸ਼ਾਹ ਨੂੰ ਮੁਖ ਰਖ ਕੇ ਸ੍ਰੀ ਬਾਬੂ ਮਲ ਸਿੰਘ ਜੀ ਨੇ ਫ਼ੈਸਲਾ ਕੀਤਾ ਕਿ ਸ੍ਰੀ ਮਾਨ ਭਾਈ ਸਾਹਿਬ ਰਣਧੀਰ ਸਿੰਘ ਜੀ ਦੀ ਯਾਦ ਵਿਚ ਕੁਮਾਰਹੱਟੀ ਵਿਖੇ ੨੮-੨੯-੩੦ ਜੂਨ ੧੯੭੪ ਨੂੰ ਸ੍ਰੀ ਅਖੰਡਪਾਠ ਸਮਾਗਮ ਕੀਤਾ ਜਾਵੇ, ਜਿਸ ਦੀ ਖ਼ਬਰ 'ਸੂਰਾ' ਮਾਸਕ ਪੱਤਰ ਰਾਹੀਂ ਸੰਗਤਾਂ ਨੂੰ ਭੇਜ ਦਿਤੀ ਗਈ।

ਇਸ ਸਮਾਗਮ ਦੀ ਤਿਆਰੀ ਲਈ ਮਾਨਯਵਰ ਬਾਊ ਮਲ ਸਿੰਘ ਜੀ ੧੦ ਜੂਨ ਨੂੰ ਹੀ ਕੁਮਾਰਹੱਟੀ ਪੁਜ ਗਏ, ਜਿਸ ਨਾਲ ਭਾਈ ਬਾਵਾ ਸਿੰਘ ਜੀ ਦਾ ਚਾਅ ਤੇ ਉਤਸ਼ਾਹ ਖ਼ੂਬ ਵਧ ਗਿਆ। ਇਹ ਸਤਿਗੁਰੂ ਦੀ ਆਪਣੀ ਮਿਹਰੰਮਤ ਹੈ ਕਿ ਜਦੋਂ ਵੀ ਕੋਈ ਸਿੰਘ ਸਤਿਗੁਰੂ ਦੀ ਓਟ ਲੈ ਕੇ ਕਿਸੇ ਸਮਾਗਮ ਦੇ ਰਚਨ ਦੀ ਅਰਦਾਸ ਕਰਦਾ ਹੈ ਤਾਂ –

ਜੋ ਜੋ ਕਹੈ ਠਾਕੁਰ ਪੈ ਸੇਵਕ, ਤਤਕਾਲ ਹੋਇ ਆਵੈ ॥

ਅਤੇ – ਜਿਸ ਕਾ ਕਾਰਜੁ ਤਿਨ ਹੀ ਕੀਆ,
ਮਾਣਸੁ ਕਿਆ ਵੇਚਾਰਾ ਰਾਮ ॥

ਦੇ ਵਾਕਾਂ ਅਨੁਸਾਰ ਸਤਿਗੁਰੂ ਆਪ ਹੀ ਵਿਚ ਆ ਖਲੋਂਦਾ ਹੈ ਅਤੇ ਆਪਣੇ ਬਿਰਦ ਦੀ ਪਾਲਣਾ ਕਰਦਾ ਹੈ। ਸੋ ਸ੍ਰੀ ਅੰਮ੍ਰਿਤਸਰ, ਸ਼ਿਮਲਾ, ਅੰਬਾਲਾ, ਦਿਲੀ, ਕਾਲਕਾ, ਚੰਡੀਗੜ੍ਹ ਆਦਿ ਥਾਵਾਂ ਤੋਂ ਅਖੰਡਪਾਠੀ, ਕੀਰਤਨੀ ਜੱਥੇ ਅਤੇ ਲੰਗਰ ਦੀ ਸੇਵਾ ਲਈ ਸਿੰਘ ਸਿੰਘਣੀਆਂ ਇਤਨੀ ਗਿਣਤੀ ਵਿਚ ਪੁਜ ਗਏ, ਜਿਨ੍ਹਾਂ ਦੀ ਕਿ ਦੂਰ-ਦੁਰਾਡੇ ਪਹਾੜੀ-ਅਸਥਾਨ ਹੋਣ ਕਾਰਨ, ਪੁਜਣ ਦੀ ਘਟ ਸੰਭਾਵਨਾ ਸੀ।

ਸਾਰਾ ਸਮਾਗਮ ਬਹੁਤ ਹੀ ਰੰਗਾਂ ਤਰੰਗਾਂ ਵਿਚ ਸੰਪੂਰਨ ਹੋਇਆ। ਇਕ ਗੁਰੂ-ਪਿਆਰੇ ਨੇ ਦਸਿਆ ਕਿ "ਉਹ ਅਨੁਭਵ ਕਰ ਰਹੇ ਹਨ ਕਿ ਸ੍ਰੀ ਮਾਨ ਭਾਈ ਸਾਹਿਬ ਰਣਧੀਰ ਸਿੰਘ ਜੀ ਸਾਰਾ ਵਕਤ ਉਥੇ ਸੰਗਤਾਂ ਦੇ ਦਰਸ਼ਨ ਕਰ ਰਹੇ ਹਨ ਤੇ ਗੱਦ ਗੱਦ ਹੋ ਕੇ ਸਭ ਨੂੰ ਅਸੀਸਾਂ ਦੇ ਰਹੇ ਹਨ।"

ਸ੍ਰੀ ਅਖੰਡਪਾਠ ਦੀ ਸੇਵਾ ਭਾਈ ਮਿਲਖਾ ਸਿੰਘ ਜੀ ਮੁਰਾਦਪੁਰ (ਤਰਨ ਤਾਰਨ) ਵਾਲਿਆਂ ਵਲੋਂ ਹੋਈ ਅਤੇ ਗੁਰੂ ਕੇ ਲੰਗਰ ਦੀ ਸੇਵਾ ਲਈ ਕਾਨਪੁਰ, ਦਿਲੀ, ਚੰਡੀਗੜ੍ਹ, ਸ੍ਰੀ ਅੰਮ੍ਰਿਤਸਰ ਆਦਿ ਥਾਵਾਂ ਤੋਂ ਸ੍ਰੀ ਬਾਊ ਜੀ ਰਾਹੀਂ ਬੇਅੰਤ ਮਾਇਆ ਇਕੱਠੀ ਹੋ ਗਈ ਅਤੇ ਭੋਗ ਤੋਂ ਉਪਰੰਤ ਦਾਲ ਭਾਜੇ ਦੇ ਨਾਲ ਖੀਰ ਦੇ ਖੁਲ੍ਹੇ ਗਫੇ ਵੀ ਵਰਤਾਏ ਗਏ, ਜੋ ਤਕਰੀਬਨ ਇਕ ਹਜ਼ਾਰ ਸੰਗਤਾਂ ਨੇ ਛਕੇ।

ਭੋਗ ਦੇ ਅਰਦਾਸੇ ਸਮੇਂ ਸ੍ਰੀ ਬਾਬੂ ਜੀ ਨੇ ਸਮੂਹ ਸੰਗਤ ਦੇ ਸੰਗ-ਸਾਥ, ਗੁਰੂ ਚਰਨਾਂ ਵਿਚ ਅਰਦਾਸ ਕੀਤੀ ਕਿ ਜੋ ਗੁਰਮੁਖ ਪਿਆਰੇ ਇੰਗਲੈਂਡ, ਅਮਰੀਕਾ, ਕੈਨੇਡਾ, ਅਫ਼ਰੀਕਾ ਆਦਿ ਪਰਦੇਸਾਂ ਵਿਚ ਬੈਠੇ ਗੁਰਮਤਿ ਰਹਿਤ-ਰਹਿਣੀ ਵਿਚ ਸਾਬਤ ਸੂਰਤ ਰਹਿੰਦੇ ਹੋਇ ਗੁਰਸਿਖੀ ਦੀ ਸ਼ਾਨ ਨੂੰ ਚਮਕਾ ਰਹੇ ਹਨ ਅਤੇ ਪੁਸਤਕ-ਫ਼ੰਡ ਤੇ ਹੋਰ ਕਾਰਜਾਂ ਲਈ ਮਾਇਆ ਭੇਜ ਰਹੇ ਹਨ, ਉਨ੍ਹਾਂ ਸਭਨਾਂ ਉਪਰ ਸਤਿਗੁਰੂ ਜੀ ਦੀਆਂ ਖ਼ੁਸ਼ੀਆਂ ਹੋਣ ਅਤੇ ਸਤਿਗੁਰੂ ਉਨ੍ਹਾਂ ਨੂੰ ਗੁਰਸਿਖੀ ਤੇ ਗੁਰਮਤਿ ਰਹਿਤ-ਰਹਿਣੀ ਵਿਚ ਦ੍ਰਿੜ੍ਹ ਰਖੇ, ਤਾਂ ਜੁ ਉਹ ਪਰਦੇਸਾਂ ਵਿਚ ਗੁਰਸਿਖੀ ਦੇ ਬੀਜ ਨੂੰ ਹੋਰ ਪਰਫੁਲਤ ਕਰਦੇ ਰਹਿਣ। ਇਸੇ ਭਾਵ ਦੀ ਅਰਦਾਸ ਪਹਿਲਾਂ ਹੋਲਾ ਮਹੱਲਾ ਸਮਾਗਮ ੧੯੭੪ ਸਮੇਂ ਸ੍ਰੀ ਅਨੰਦਪੁਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੀ ਹਜ਼ੂਰੀ ਵਿਖੇ ਸ੍ਰੀ ਬਾਊ ਜੀ ਨੇ ਅਤਿ ਬੈਰਾਗ ਵਿਚ ਕੀਤੀ ਸੀ ਅਤੇ ਪਰਦੇਸੀ ਵੀਰਾਂ ਲਈ ਅਸੀਸੜੀਆਂ ਪਰਦਾਨ ਕਰਨ ਦੀ ਜਾਚਨਾ ਕੀਤੀ ਸੀ।

ਕੁਮਾਰਹੱਟੀ ਸਮਾਗਮ ਦੀ ਸਮਾਪਤੀ ਤੋਂ ਪਹਿਲ ਵਿਸ਼ੇਸ਼ ਵਰਨਣ ਯੋਗ ਜੋ ਕਾਰਵਾਈ ਹੋਈ ਉਹ ਹੇਠ ਲਿਖੇ ਗੁਰਮਤੇ ਹਨ–



www.AKJ.Org

(੧) ਅਕਤੂਬਰ ੧੯੭੩ ਵਿਚ ਜੋ 'ਪਰਬੰਧਕ ਟ੍ਰਸਟ ਬੋਰਡ' ਨੀਯਤ ਕਰ ਕੇ ਸੂਰਾ ਪੱਤਰ ਰਾਹੀਂ ਸੰਗਤਾਂ ਨੂੰ ਇਤਲਾਹ ਦਿਤੀ ਗਈ ਸੀ ਉਨ੍ਹਾਂ ਨਾਵਾਂ ਵਿਚ ਮਮੂਲੀ ਜਿਹੀ ਤਬਦੀਲੀ ਕਰ ਕੇ ਨਵੇਂ ਸਿਰੇ ਟ੍ਰਸਟ ਦੇ ਮੈਂਬਰਾਂ ਦਾ ਐਲਾਨ ਕੀਤਾ ਗਿਆ ਅਤੇ ਦਸਿਆ ਗਿਆ ਕਿ ਪੰਝੀ ਹਜ਼ਾਰ ਰੁਪਏ ਟ੍ਰਸਟ ਨੂੰ ਰਜਿਸਟਰ ਕਰਵਾਉਣ ਲਈ ਬੈਂਕ ਵਿਚ ਰਾਖਵੇਂ ਰਖ ਦਿਤੇ ਗਏ ਹਨ। ਨਿਯਮਾਂ ਮੁਜਬ ਟ੍ਰਸਟ ਨੂੰ ਛੇਤੀ ਹੀ ਰਜਿਸਟਰ ਕਰਵਾਇਆ ਜਾ ਰਿਹਾ ਹੈ। ਟ੍ਰਸਟ ਦੇ ਰਜਿਸਟਰ ਹੋ ਜਾਣ ਤੇ ਟ੍ਰਸਟੀਆਂ ਦੇ ਨਾਵਾਂ ਦੇ ਨਾਲ ਹੀ ਵੇਰਵੇ ਸਹਿਤ ਸਾਰੀ ਰੀਪੋਰਟ ਛਾਪ ਦਿਤੀ ਜਾਵੇਗੀ।

(੨) ਉਪਰੋਕਤ ਟ੍ਰਸਟ ਦੇ ਅਧੀਨ ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ ਦੇ ਛਪਵਾਉਣ, ਸੰਭਾਲਣ ਤੇ ਵੰਡਣ ਦਾ ਪਰਬੰਧ ਹੋਵੇਗਾ ਅਤੇ ਪੁਸਤਕਾਂ ਦੀ ਸੇਵਾ ਭਾਈ ਬਲਬੀਰ ਸਿੰਘ ਜੀ ਨੂੰ ਸੌਂਪੀ ਗਈ ਹੈ।

(੩) ਗੁਰਮੁਖ ਪਿਆਰਿਆਂ ਵਲੋਂ ਇਨ੍ਹਾਂ ਕਾਰਜਾਂ ਲਈ ਜੋ ਮਾਇਆ ਇਕੱਠੀ ਹੋ ਰਹੀ ਹੈ ਉਸ ਦੀ ਸਾਂਭ ਸੰਭਾਲ ਕੀਤੀ ਜਾ ਰਹੀ ਹੈ ਅਤੇ ਉਸ ਦੀ ਇਤਲਾਹ ਸੰਗਤਾਂ ਨੂੰ ਨਾਲੋ ਨਾਲ ਦਿਤੀ ਜਾਇਆ ਕਰੇਗੀ।

(੪) (ਸ੍ਰੀ ਮਾਨ ਬਾਬੂ) ਮਲ ਸਿੰਘ ਜੀ ਨੇ ਇਕ ਸੁਝੱਾ ਪੇਸ਼ ਕੀਤਾ ਕਿ ਇਸ ਪਵਿਤਰ ਤਪੋ-ਬਨ ਅਸਥਾਨ 'ਤੇ ਇਕ ਮਹੀਨਾ ਹਰ ਸਾਲ ਮਈ ਜਾਂ ਜੂਨ ਵਿਚ ਗੁਰਮੁਖ ਪਿਆਰੇ ਨਾਮ-ਰਸੀਏ ਸਾਰਾ ਵਕਤ ਸਿਮਰਨ ਤੇ ਕੀਰਤਨ ਦੇ ਲਾਹੇ ਮਾਣਨ ਲਈ ਹਾਜ਼ਰੀਆਂ ਭਰਿਆ ਕਰਨ ਅਤੇ ਭਾਈ ਚੇਲਾ ਰਾਮ ਦੇ ਸਪੂਰਨ ਆਸ਼ਰਮ ਦੇ ਨਿਯਮ-ਬੱਧ ਪ੍ਰੋਗਰਾਮ ਵਾਂਗ ਦਿਨ-ਰਾਤ ੨੪ ਘੰਟੇ ਦੇ ਸਮੇਂ ਨੂੰ ਨਿਯਮ-ਬੱਧ ਪ੍ਰੋਗਰਾਮ ਵਿਚ ਵੰਡ ਕੇ ਵਧ ਤੋਂ ਵਧ ਲਾਹੇ ਪ੍ਰਾਪਤ ਕੀਤੇ ਜਾਇਆ ਕਰਨ।

(੫) ਭਾਈ ਬਾਵਾ ਸਿੰਘ ਜੀ ਦੀ ਮਦਦ ਲਈ ਭਾਈ ਆਤਮਾ ਸਿੰਘ ਜੀ ਪੰਜੋਖਰਾ ਸਾਹਿਬ ਨੂੰ ਬੇਨਤੀ ਕੀਤੀ ਗਈ, ਜਿਨ੍ਹਾਂ ਨੇ ਸੰਗਤ ਵਿਚ ਖੜੇ ਹੋ ਕੇ, ਖੁਸ਼ੀ ਨਾਲ ਆਪਣੀ ਪਰਵਾਨਗੀ ਦਿਤੀ ਕਿ ਉਹ ਵਕਤ ਕਢ ਕੇ, ਉਥੇ ਠਹਿਰ ਕੇ ਸੇਵਾ ਕਰਿਆ ਕਰਨਗੇ।

ਉਪ੍ਰੋਕਤ ਸਾਰੇ ਗੁਰਮਤੇ ਸਰਬ-ਸੰਮਤੀ ਨਾਲ ਸੰਗਤਾਂ ਦੇ ਭਾਰੀ ਇਕੱਠ ਵਿਚ ਜੈਕਾਰਿਆਂ ਦੀ ਗੂੰਜ ਨਾਲ ਪਾਸ ਕੀਤੇ ਗਏ।

ਕੁਮਾਰ ਹੱਟੀ ਦੇ ਇਸ ਸਮਾਗਮ ਤੇ ਨਾ ਕਰਨਲ ਦਲਜੀਤ ਸਿੰਘ ਜੀ ਪੁਜੇ, ਨਾ ਭਾ: ਜੋਗਿੰਦਰ ਸਿੰਘ ਜੀ ਤੇ ਨਾ ਭਾਈ ਮਹਿੰਦਰ ਸਿੰਘ ਜੀ, ਨਾ ਹੀ ਦਿਲੀ ਤੋਂ ਤੇ ਨਾ ਹੀ ਸ੍ਰੀ ਅੰਮ੍ਰਿਤਸਰ ਤੋਂ ਕੀਰਤਨੀ ਸਿੰਘ ਪੁਜੇ, ਪਰ ਸਤਿਗੁਰੂ ਨੇ ਆਪਣੀ ਕਲਾ ਵਰਤਾ ਕੇ ਬੇਅੰਤ ਸੰਗਤਾਂ ਅਤੇ ਕੀਰਤਨੀ ਵੀਰਾਂ ਭੈਣਾਂ ਨੂੰ ਪ੍ਰੇਰ ਕੇ ਉਥੋਂ ਦੀਆਂ ਹਾਜ਼ਰੀਆਂ ਭਰਵਾਈਆਂ ਅਤੇ ਸਮਾਗਮ ਅਰੰਭ ਤੋਂ ਸਮਾਪਤੀ ਤਕ ਚੜ੍ਹਦੀਆਂ ਕਲਾਂ ਵਿਚ ਬਣ ਆਇਆ। ਇਹ ਸਤਿਗੁਰੂ ਦੀ ਆਪਣੀ ਬਖ਼ਸ਼ਸ਼ ਹੈ।

**ਜੱਥੇ ਦਾ ਸੇਵਾਦਾਰ ਦਾਸਰਾ—ਮੱਲ ਸਿੰਘ**

---

# ਗੁਰਮੁਖਿ ਸੁਖੁ ਫਲੁ

(ਕਬਿਤ ਸਵੈਯੇ ਭਾਈ ਗੁਰਦਾਸ ਜੀ)

**ਗੁਰਮੁਖਿ ਸੁਖੁ ਫਲੁ ਦਯਾ ਕੈ ਦਿਖਾਵੈ ਜਾਂਹਿ, ਤਾਂਹਿ ਆਨ ਰੂਪ ਰੰਗ ਦੇਖੇ ਨਾਹਿ ਭਾਵਈ ॥**

ਗੁਰੂ ਦੇ ਸਨਮੁਖ ਹੋਣ ਦਾ ਸੁਖ ਰੂਪ ਫਲ (ਸਤਿਗੁਰੂ) ਜਿਸ ਨੂੰ ਕਿਰਪਾ ਕਰ ਕੇ ਵਿਖਾਲਦਾ ਹੈ, ਹੋਰ ਰੂਪ ਤੇ ਰੰਗ ਵੇਖਣ ਨੂੰ ਭੀ ਉਸ ਦਾ ਜੀਅ ਨਹੀਂ ਕਰਦਾ।

**ਗੁਰਮੁਖਿ ਸੁਖੁ ਫਲੁ ਮਯਾ ਕੈ ਚਖਾਵੈ ਜਾਂਹਿ, ਤਾਹਿ ਅਨ ਰਸ ਨਹੀ ਰਸਨਾ ਹਿਤਾਵਈ ॥**

ਗੁਰੂ ਦੇ ਸਨਮੁਖ ਹੋਣ ਦਾ ਸੁਖ ਫਲ ਜਿਸ ਨੂੰ ਕਿਰਪਾ ਕਰ ਕੇ ਚਖਾਉਂਦਾ ਹੈ, ਉਸ ਦੀ ਜੀਭ ਨੂੰ ਹੋਰ ਰਸ ਪਿਆਰੇ ਨਹੀਂ ਲਗਦੇ।

**ਗੁਰਮੁਖਿ ਸੁਖੁ ਫਲੁ ਅਗਹੁ ਗਹਾਵੈ ਜਾਂਹਿ, ਸਰਬ ਨਿਧਾਨ ਪਰਸਨ ਕੌ ਨ ਧਾਵਈ ॥**

ਗੁਰੂ ਦੇ ਸਨਮੁਖ ਹੋਣ ਦਾ ਇਹ ਦੁਰਲਭ ਸੁਖ ਰੂਪ ਫਲ ਜਿਸ ਨੂੰ ਲਭਾਉਂਦਾ ਹੈ, ਉਹ (ਸੰਸਾਰ ਦੇ) ਸਾਰੇ ਖ਼ਜ਼ਾਨਿਆਂ ਨੂੰ ਛੂਹਣ ਲਈ (ਭੀ) ਨਹੀਂ ਜਾਂਦਾ।

**ਗੁਰਮੁਖਿ ਸੁਖੁ ਫਲੁ ਅਲਖੁ ਲਖਾਵੈ ਜਾਂਹਿ, ਅਕਥ ਕਥਾ ਬਿਨੋਦੁ ਵਾਹੀ ਬਨਿ ਆਵਈ ॥੧੨॥੨੦॥**

ਗੁਰੂ ਦੇ ਸਨਮੁਖ ਹੋਣ ਦਾ ਇਹ ਅਲੱਖ ਸੁਖ ਰੂਪ ਫਲ ਜਿਸ ਨੂੰ (ਸਤਿਗੁਰੂ) ਜਣਾਉਂਦਾ ਹੈ, ਉਸਦੇ ਅਨੰਦ ਦਾ ਵਰਨਣ ਅਕਹਿ ਹੈ, ਉਸ ਨੂੰ ਹੀ ਫਬਦਾ ਹੈ (ਭਾਵ, ਉਹ ਆਪ ਹੀ ਜਾਣਦਾ ਹੈ)।

(ਟੀਕਾਕਾਰ—ਪ੍ਰੋਫੈਸਰ ਸਾਹਿਬ ਸਿੰਘ ਜੀ

www.AKJ.org

# ਅਕਾਲ ਪੁਰਖ ਦਾ ਦਰਸ-ਮਿਲਾਪ

(ਪਿਛੇ ਤੋਂ ਅਗੇ)

[ਵਲੋਂ : ਗੁਰਪੁਰ ਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ]

ਕੇਵਲ ਗੁਰ-ਪ੍ਰਸਾਦਿ ਕਰਿ, ਗੁਰੂ ਦੀ ਕਿਰਪਾ ਕਰਿ ਹੀ ਐਸਾ ਪਾਰਸ ਰਸਾਉਣਾ ਸਿਮਰਨ, ਹਰਿ-ਸਿਮਰਨ ਪ੍ਰਾਪਤ ਹੁੰਦਾ ਹੈ। ਜਿਨ੍ਹਾਂ ਨੂੰ ਹੋਇਆ ਹੈ ਪ੍ਰਾਪਤ, ਅਤੇ ਸਿਮਰਨ-ਪ੍ਰਾਪਤ ਕਰਿ ਹੋਏ ਹਨ ਅਦ੍ਰਿਸ਼ਟ ਦੇ ਦ੍ਰਿਸ਼ਟ ਦਰਸ਼ਨ, ਸੋ ਅਗਮ ਅਨੰਦਤ ਹੋ ਕੇ ਆ-ਮੁਹਾਰੇ ਪੁਕਾਰ ਉਠੇ ਹਨ:–

ਨਿਧਿ ਸਿਧਿ ਰਿਧਿ ਹਰਿ ਹਰਿ ਹਰਿ ਮੇਰੈ ॥ ਜਨਮੁ ਪਦਾਰਥੁ ਗਹਿਰ ਗੰਭੀਰੈ ॥ ਲਾਖ ਕੋਟ ਖੁਸੀਆ ਰੰਗ ਰਾਵੈ, ਜੋ ਗੁਰ ਲਾਗਾ ਪਾਈ ਜੀਉ ॥੧॥ ਦਰਸਨੁ ਪੇਖਤ ਭਏ ਪੁਨੀਤਾ ॥ ਸਗਲ ਉਧਾਰੇ ਭਾਈ ਮੀਤਾ ॥ ਅਗਮ ਅਗੋਚਰੁ ਸੁਆਮੀ ਅਪੁਨਾ ਗੁਰ ਕਿਰਪਾ ਤੇ ਸਚੁ ਧਿਆਈ ਜੀਉ ॥੨॥ ਜਾ ਕਉ ਖੋਜਹਿ ਸਰਬ ਉਪਾਏ ॥ ਵਡਭਾਗੀ ਦਰਸਨੁ ਕੋ ਵਿਰਲਾ ਪਾਏ ॥ ਊਚ ਅਪਾਰ ਅਗੋਚਰ ਥਾਨਾ, ਓਹੁ ਮਹਲੁ ਗੁਰੂ ਦੇਖਾਈ ਜੀਉ ॥੩॥ ਗਹਿਰ ਗੰਭੀਰ ਅੰਮ੍ਰਿਤ ਨਾਮੁ ਤੇਰਾ ॥ ਮੁਕਤਿ ਭਇਆ ਜਿਸੁ ਰਿਦੈ ਵਸੇਰਾ ॥ ਗੁਰਿ ਬੰਧਨ ਤਿਨ ਕੇ ਸਗਲੇ ਕਾਟੇ, ਜਨ ਨਾਨਕ ਸਹਜਿ ਸਮਾਈ ਜੀਉ॥੪॥੧੬॥

[ਮਾਝ ਮ: ੫, ਪੰਨਾ ੧੦੧

ਵੇਖਿਆ, ਉਪਰਲਾ ਵਾਕ ਕੀ ਕੀ ਚਮਤ ਚਮਤਕਾਉਂਦਾ ਕਉਤਕਾਉਂਦਾ ਹੈ। ਜੋ ਜੋ ਵਡਭਾਗਾ ਜਨ ਗੁਰ-ਸਰਨਾਈ ਆਇਆ, ਭਾਵ ਗੁਰ-ਸਰਨਾਈ ਆਇਕੈ ਸੀਸ ਗੁਰੂ ਜੀ ਨੂੰ ਭੇਟ ਕੇ, ਸਤਿਗੁਰ-ਚਰਨੀ ਲਗਿਆ ਹੈ ਅਤੇ ਗੁਰ-ਚਰਨੀ ਲਗ ਕੇ ਗੁਰ-ਦੀਖਿਆ ਗੁਰਮੰਤ੍ਰ-ਪ੍ਰਾਪਤੀ ਹਰਿ ਹਰਿ ਸਿਮਰਨ ਕਰਿ ਲਗਿਆ ਹੈ, ਉਸਨੂੰ ਇਸ ਸਿਮਰਨ ਪ੍ਰਾਪਤ ਕਰਿ ਨਿਧੀ ਸਿਧੀ ਰਿਧੀ ਦੀ ਸਹਿਜ ਪ੍ਰਾਪਤੀ ਹੋ ਗਈ ਹੈ। ਰਿਧੀ ਸਿਧੀ ਨਉ ਨਿਧੀ ਹੀ ਨਹੀਂ, ਮਨੁਖਾ ਜਨਮ ਦਾ ਮੁਖ ਪ੍ਰਯੋਜਨ ਪਦਾਰਥ ਗਹਿਰ ਗੰਭੀਰ ਵਾਹਿਗੁਰੂ ਦੇ ਦਰਸ਼ਨਾਂ ਦੀ ਪ੍ਰਾਪਤੀ ਭੀ ਹੋ ਗਈ ਹੈ, ਜਿਸ ਅਮੋਘ ਪਦਾਰਥ ਪ੍ਰਾਪਤਿ ਹੋਣ ਕਰਿ, ਜਿਸ ਸ਼ਾਂਤੀ-ਰੰਗ ਗਵਨ ਕਰਿ, ਰੰਗ-ਰਲੀਆਂ ਮਾਨਣ ਕਰਿ, ਲਾਖ ਕੋਟ ਖ਼ੁਸ਼ੀਆਂ ਦੇ ਅਗੰਮੀ ਨਸ਼ੇ ਚੜ੍ਹ ਜਾਂਦੇ ਹਨ, ਐਸੇ ਗਹਿਰ ਗੰਭੀਰ ਦਰਸ਼ਨਾਂ ਨੂੰ ਪੇਖਨਹਾਰਾ ਆਪ ਤਾਂ ਖ਼ੁਦ ਪੁਨੀਤ ਹੋਣਾ ਹੀ ਸੀ ਉਹ ਸਗੋਂ ਸਗਲੇ ਭਾਈ ਮੀਤਾਂ ਸੰਗੀਤਾਂ ਜਨਾਂ ਨੂੰ ਭੀ ਉਧਾਰ ਲੈਂਦਾ ਹੈ। ਇਉਂ ਅਪਣਾਇਆ ਹੋਇਆ ਅਗਮ ਅਗੋਚਰ ਸੁਆਮੀ ਗੁਰੂ ਦੀ ਕਿਰਪਾ ਪਰਸਾਦਿ ਕਰਿ, ਫਿਰ ਸਗਲ ਉਧਾਰੇ ਹੋਏ ਭਾਈ ਮੀਤਾਂ ਜਨਾਂ ਵਲੋਂ ਦ੍ਰਿੜ੍ਹਤਾ ਸਹਿਤ ਧਿਆਇਆ ਜਾਂਦਾ ਹੈ। ਜਿਸ ਇਕ ਗੁਰਸਿਖ ਵਡਭਾਗੇ ਨੂੰ ਦਰਸ਼ਨ ਪ੍ਰਾਪਤ ਹੋ ਗਿਆ ਉਹ ਹੋਰਨਾਂ ਨੂੰ ਭੀ ਪ੍ਰੇਰ ਕੇ ਗੁਰ-ਸਰਨਾਗਤ ਲਿਆਉਂਦਾ, ਗੁਰ-ਦੀਖਿਆ ਗੁਰੂ ਪਾਸੋਂ ਦ੍ਰਿੜ੍ਹਾਉਂਦਾ ਹੈ।

ਇਸ ਵਰਤਮਾਨ ਸਮੇਂ ਵਿਖੇ ਸਿਵਾਏ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹੋਰ ਕੋਈ ਗੁਰੂ ਨਹੀਂ, ਗੁਰੂ ਵਰੋਸਾਏ ਗੁਰਮੁਖ ਜਨ ਹੋਰਨਾਂ ਨੂੰ ਪ੍ਰੇਰ ਪ੍ਰੇਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਰਨਾਗਤ ਲਿਆ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਤਾਬੇ ਪੰਜਾਂ ਪਿਆਰਿਆਂ ਤੋਂ ਗੁਰਦੀਖਿਆ ਦਿਵਾ, ਤਿਨ੍ਹਾਂ ਦਾ ਸਦਾ ਉਧਾਰ ਕਰਦੇ ਕਰਾਉਂਦੇ ਹਨ। ਇਉਂ 'ਸਗਲ ਉਧਾਰੇ ਭਾਈ ਮੀਤਾ' ਦਾ ਸਚਾ ਢੋਆ ਜੁੜਦਾ ਹੈ। ਜਿਸ ਅਗਮ ਅਗੋਚਰ ਦੀ ਪ੍ਰਾਪਤੀ ਹਿਤ ਅਨ-ਮਤੀਆਂ ਦੇ ਸਰਬ ਅਤੇ ਅਨੇਕ ਨਾਨਾ ਭਾਂਤੀ ਉਪਾਵ ਅਕਾਰਥ ਜਾਂਦੇ ਹਨ ਤਿਸ ਦੇ ਪਰਤੱਖ ਦਰਸ਼ਨ ਕੇਵਲ ਵਡਭਾਗੀ ਗੁਰਮੁਖ ਜਨਾਂ ਗੁਰੂ-ਘਰ ਦੇ ਵਰੋਸਾਏ ਭਗਤ-ਜਨਾਂ ਨੂੰ ਹੀ ਪ੍ਰਾਪਤ ਹੁੰਦੇ ਹਨ। ਸਚਮੁਚ ਐਸੇ ਗੁਰਮੁਖ ਜਨ ਵਡਭਾਗੀ ਸੰਸਾਰ ਵਿਖੇ ਵਿਰਲੇ ਥੋੜੇ ਹੀ ਹਨ। ਸਾਰੀ ਕਾਇਨਾਤੀ ਅਸੰਖ ਕਰੋੜੀ ਬੇਸ਼ੁਮਾਰ ਅਲਖ ਰਚਨਾ ਦੇ ਮੁਕਾਬਲੇ ਵਿਚ, ਗੁਰੂ-ਘਰੋਂ ਅਜਿਹੇ ਵਰੋਸਾਏ ਹੋਏ ਸਚਮੁਚ ਹੀ ਵਿਰਲਿਆਂ ਦੀ ਗਿਣਤੀ ਵਿਚ ਸ਼ੁਮਾਰ ਹੁੰਦੇ ਹਨ। ਐਸੇ ਅਗਮ ਅਗੋਚਰ ਦਰਸ਼ਨ ਲਖੀਸ਼ਰੀ ਵਿਰਲੀਸ਼ਰੀ ਗੁਰਮੁਖ ਜਨਾਂ ਦਾ ਮਰਤਬਾ ਭੀ ਊਚ ਅਪਾਰ ਅਗੰਮੀ ਥਾਨੀਸ਼ਰੀ ਹੁੰਦਾ ਹੈ। ਅਜਿਹਾ ਐਸਾ ਅਗਮ ਮਹੱਤਵੀ ਊਚ ਮਹਲ



www.AKJ.Org

ਥਾਨ ਕੇਵਲ ਗੁਰ ਪ੍ਰਸਾਦਿ ਕਰਿ ਗੁਰੂ ਘਰਿ ਨਿਵਾਜਿਆਂ ਗੁਰਮਤਿ ਮਤਿ ਅਵਲੰਬੀਆਂ ਨੂੰ ਹੀ ਪ੍ਰਾਪਤ ਹੁੰਦਾ ਹੈ। ਕਿਉਂਕਿ ਗੁਰਮਤਿ ਨਾਮ ਗੁਰਮੰਤ੍ਰ-ਦੀਖਿਆ ਦੀ ਪ੍ਰਾਪਤੀ ਹੋਰ ਕਿਤੋਂ ਨਹੀਂ। ਇਹ ਗੁਰਮੰਤਰ ਗੁਪਤ ਨਾਮ ਕੇਵਲ ਗੁਰੂ ਨਾਨਕ ਸਾਹਿਬ ਨੇ ਹੀ ਧੁਰ ਦਰਗਾਹੋਂ ਲਿਆਂਦਾ ਹੈ, ਇਥੇ ਹੋਰ ਕਿਸੇ ਦੀ ਗੰਮਤਾ ਨਹੀਂ ਸੀ। ਏਸੇ ਕਰਕੇ ਗੁਰਮੰਤ੍ਰ ਗੁਰਮਤਿ-ਨਾਮ ਗਹਿਰ ਗੰਭੀਰ ਹੈ ਅਤੇ ਇਸ ਵਿਚ ਪਾਰਸ ਪਾਰਸਾਂ ਦੀ ਅੰਮ੍ਰਿਤ-ਕਲਾ ਹੈ। ਹੇ ਵਾਹਿਗੁਰੂ! ਇਸ ਤੇਰੇ ਗਹਿਰ ਗੰਭੀਰ ਅੰਮ੍ਰਿਤ ਨਾਮ ਦਾ ਜਿਸ ਰਿਦੇ ਵਿਖੇ ਬਸੇਰਾ ਹੋ ਗਿਆ, ਉਹ ਰਿਦੀਸ਼ਰ ਜਨ ਮੁਕਤ ਭਇਆ ਹੈ। ਸਤਿਗੁਰ ਨੇ ਉਸਦੇ ਸਗਲੇ ਬੰਧਨ ਜਨਮ-ਮਰਨ ਦੇ ਕਟ ਦਿਤੇ ਹਨ। ਅਤੇ ਉਹ ਸਦਾ ਲਈ ਸਹਿਜ ਪਦ ਵਿਚ ਆਇ ਗਇਆ ਹੈ। (ਇਹ ਉਪਰੰਤ ਗੁਰਵਾਕ ਦੀ ਤਤ ਵਿਆਖਿਆ ਹੀ ਅਨੁਵਾਦ ਹੈ।)

ਐਸੇ ਗਿਆਨ-ਵਿਰਲੀਸ਼ਰਾਂ ਦੇ ਹਿਰਦੇ ਅੰਦਰ ਗੁਰੂ ਕਰਤਾਰ ਦੇ ਅਗੰਮ ਅਪਾਰੀਏ ਜੋਤਿ-ਜਲਵਨੀ-ਚਰਨ ਆਇ ਵੁਠਦੇ ਹਨ। ਤਿਨ੍ਹਾਂ ਨੂੰ ਪ੍ਰਭੂ-ਤੁਠੇ ਨੇ ਸਰਬ ਸੁਖ ਸੁਭਾਇ ਦਿਤੇ ਹਨ। ਤਿਨ ਗੁਰ-ਚਰਨ-ਵੁਠੀਸ਼ਰਾਂ ਦੀ ਲਿਵ ਅੰਤਰੀ ਸਹਿਜ ਸਮਾਧ ਲਗ ਜਾਂਦੀ ਹੈ। ਇਹ ਸਹਿਜ ਸਮਾਧ ਕੋਈ ਸੁੰਨ ਮਸੁੰਨ ਖ਼ੁਸ਼ਕ ਸੂਨਤਾ ਵਾਲੀ ਨਹੀਂ ਹੁੰਦੀ, ਪ੍ਰੰਤੂ ਅਗਾਧ ਰਸ ਜੋਤਿ ਸੁਭਰ ਭਰੀ ਹੁੰਦੀ ਹੈ। ਇਸ ਲਿਵ-ਸਹਿਜ ਬਿਵਸਥਾ ਵਾਲੇ ਜੋਤਿ-ਜੋਤੰਬਰੇ ਰਸ ਨੂੰ ਕੇਵਲ ਰਸ ਲੈਣ-ਹਾਰੇ ਹੀ ਜਾਣਦੇ ਹਨ, ਹੋਰ ਕੋਈ ਨਹੀਂ ਜਾਣ ਸਕਦਾ; ਜਿਸ ਨੂੰ ਸਾਰ ਹੀ ਨਹੀਂ। ਯਥਾ ਗੁਰਵਾਕ :—

> ਸਭੇ ਸੁਖ ਭਏ ਪ੍ਰਭ ਤੁਠੇ ॥ ਗੁਰ ਪੂਰੇ ਕੇ ਚਰਣ ਮਨਿ ਵੁਠੇ ॥ ਸਹਜ ਸਮਾਧਿ ਲਗੀ ਲਿਵ ਅੰਤਰਿ, ਸੋ ਰਸੁ ਸੋਈ ਜਾਣੈ ਜੀਉ ॥੧॥ ਅਗਮ ਅਗੋਚਰੁ ਸਾਹਿਬੁ ਮੇਰਾ ॥ ਘਟ ਘਟ ਅੰਤਰਿ ਵਰਤੈ ਨੇਰਾ ॥ ਸਦਾ ਅਲਿਪਤੁ ਜੀਆ ਕਾ ਦਾਤਾ, ਕੋ ਵਿਰਲਾ ਆਪੁ ਪਛਾਣੈ ਜੀਉ ॥੨॥ [ਮਾਝ ਮ: ੫, ਪੰਨਾ ੧੦੬

ਗੁਰ-ਪ੍ਰਸਾਦਿ ਗੁਰ-ਦੀਖਿਆ ਬਿਹੂਣ ਅਨਮਤ ਅਵਲੰਬੀ ਸਾਧਿਕ ਸਿਧ ਗਿਆਨੀ ਧਿਆਨੀ ਬਥੇਰੇ ਧਿਆਉਂਦੇ ਹਨ, ਮਨ ਹਠ ਕਰਾਉਂਦੇ ਫਿਰਦੇ ਹਨ, ਪਰ ਤਿਨ੍ਹਾਂ ਪਾਸੋਂ ਅਗਮ ਅਗੋਚਰ ਵਾਹਿਗੁਰੂ ਦੀ ਕਿਛ ਮਿਤ ਨਹੀਂ ਜਾਣੀ ਗਈ। ਜਿਸ ਅਗਮ ਅਗੋਚਰ ਪਾਰਬ੍ਰਹਮ ਦੀ ਗਤਿ-ਮਿਤ ਪਾਉਣ ਖ਼ਾਤਰ ਉਹ ਭੰਬਲ-ਭੂਸੇ ਖਾਂਦੇ ਫਿਰਦੇ ਹਨ ਉਸ ਪਾਰਬ੍ਰਹਮ ਪਰਮੇਸ਼ਰ ਅਦ੍ਰਿਸ਼ਟ ਅਗੋਚਰ ਦਾ ਸਤਿਗੁਰੂ ਦੀ ਕਿਰਪਾ ਕਰਿ ਗੁਰਸਿਖ ਦੇ ਮਨ ਮੰਝਾਰ ਹੀ ਪਰਕਾਸ਼ ਉਜਿਆਰਾ ਹੋ ਗਇਆ ਹੈ, ਤਿਨ੍ਹਾਂ ਦਾ ਸਗਲਾ ਅਗਿਆਨ-ਅੰਧਿਆਰਾ ਅਤੇ ਮਨ-ਮਤਸਰੀ ਖ਼ੁਦੀ ਤਕੱਬਰੀ ਦਾ ਭਰਮ-ਭੁਲਾਵਾ ਸਭ ਮਿਟ ਗਇਆ ਹੈ। ਸਰਬ ਪਾਸਿਆਂ ਤੋਂ ਘੁਥਿਆ ਹੋਇਆ ਜੋ ਮਨਸ਼ਾ ਧਾਰ ਕੇ ਸ਼ਰਧਾ ਸੰਜੁਕਤ ਗੁਰੂ ਘਰ ਦੀ ਸੰਗਤ ਵਿਖੇ ਆਉਂਦਾ ਹੈ, ਉਸ ਦਾ ਜਨਮ ਮਰਨ ਦਾ ਸਗਲ ਸਹਿਸਾ ਮਿਟ ਜਾਂਦਾ ਹੈ। ਚਉਰਾਸੀਹ ਦਾ ਗੇੜ ਹੀ ਉਸਦਾ ਨਿਵਾਰਿਆ ਜਾਂਦਾ ਹੈ। ਉਸਦੇ ਸਗਲ ਆਸ਼ਾ-ਮਈ ਮਨੋਰਥ ਪੂਰੇ ਹੋ ਜਾਂਦੇ ਹਨ। ਪਾਰਸ-ਮਈ ਗੁਰੂ ਘਰ ਦੇ ਅਤੇ ਗੁਰੂ ਸਰੂਪ ਸਾਧ ਸੰਗਤ ਦੇ ਦਰਸ਼ਨ ਪਰਸ਼ਨ ਸਾਰ ਹੀ, ਨਿਗੁਰਿਓਂ ਸੁਗੁਰੇ ਹੋ ਕੇ ਅੰਮ੍ਰਿਤ-ਧਾਰੀ ਸਤਿ ਦਰਬਾਰੀ ਭੇਟਨਹਾਰੀ ਹੋਣ ਸਾਰ ਹੀ, ਅਤੇ ਗੁਰ-ਮੰਤ੍ਰ ਗੁਰ-ਦੀਖਿਆ ਮਿਲਣਸਾਰ ਹੀ ਉਹ ਫੇਰ ਗੁਣ ਨਿਧਾਨ ਅੰਮ੍ਰਿਤ-ਹਰਿ-ਨਾਮ ਨੂੰ ਧਿਆਇ ਧਿਆਇ ਜੀਉਂਦੇ ਹਨ ਅਤੇ ਸੁਖ-ਜੀਵਨੀ ਜੀਵੰਦੇ ਵਿਗਸਾਉਂਦੇ ਹਨ। ਐਸਾ ਅਦ੍ਰਿਸ਼ਟ ਅਗੋਚਰ ਪ੍ਰਭੂ ਇਉਂ ਉਹਨਾਂ ਦਾ ਜੀਆ-ਪ੍ਰਾਨ ਮਨਹਿ ਅਧਾਰਾ ਹੋ ਜਾਂਦਾ ਹੈ ਅਤੇ ਭਗਤ ਜਨ ਉਸਦੇ ਅਪਾਰ ਗੁਣਾਂ ਨੂੰ ਗਾਇ ਗਾਇ ਹਰੇ ਥੀਵੰਦੇ ਹਨ। ਯਥਾ ਗੁਰਵਾਕ :—

> ਜੀਅ ਪ੍ਰਾਣ ਪ੍ਰਭ ਮਨਹਿ ਅਧਾਰਾ ॥ ਭਗਤ ਜੀਵਹਿ ਗੁਨ ਗਾਇ ਅਪਾਰਾ ॥ ਗੁਣ-ਨਿਧਾਨ ਅੰਮ੍ਰਿਤ ਹਰਿ-ਨਾਮਾ, ਹਰਿ ਧਿਆਇ ਧਿਆਇ ਸੁਖੁ ਪਾਇਆ ਜੀਉ ॥੧॥ ਮਨਸਾ ਧਾਰਿ ਜੋ ਘਰ ਤੇ ਆਵੈ ॥ ਸਾਧ ਸੰਗਿ ਜਨਮੁ ਮਰਣੁ ਮਿਟਾਵੈ ॥ ਆਸ ਮਨੋਰਥੁ ਪੂਰਨੁ ਹੋਵੈ, ਭੇਟਤ ਗੁਰ ਦਰਸਾਇਆ ਜੀਉ ॥੨॥ ਅਗਮ ਅਗੋਚਰੁ ਕਿਛੁ ਮਿਤਿ ਨਹੀ ਜਾਨੀ ॥ ਸਾਧਿਕ ਸਿਧ ਧਿਆਵਹਿ ਗਿਆਨੀ ॥ ਖੁਦੀ ਮਿਟੀ ਚੂਕਾ ਭੋਲਾਵਾ, ਗੁਰਿ ਮਨ ਹੀ ਮਹਿ ਪ੍ਰਗਟਾਇਆ ਜੀਉ ॥੩॥ ਅਨਦ ਮੰਗਲ ਕਲਿਆਣ ਨਿਧਾਨਾ ॥

ਸੁਖ ਸਹਜ ਹਰਿਨਾਮੁ ਵਖਾਨਾ ॥ ਹੋਇ ਕ੍ਰਿਪਾਲੁ ਸੁਆਮੀ ਅਪਨਾ, ਨਾਉ ਨਾਨਕ ਘਰਿ ਮਹਿ ਆਇਆ ਜੀਉ ॥੪॥੨੫॥ [ਮਾਝ ਮ: ੫, ਪੰਨਾ ੧੦੩

ਅਨਦ ਮੰਗਲ-ਮਈ ਕਲਿਆਣ ਦਾ ਨਿਧਾਨ ਉਸਨੂੰ ਪ੍ਰਾਪਤ ਹੋਇਆ ਹੈ ਜਿਸ ਨੇ ਸੁਖ ਸਹਿਜ ਨਾਮ ਵਖਾਨਿਆ, ਸਿਮਰਨ ਸਿਮਰਾਨਿਆ, ਜਾਪ ਜਪਾਨਿਆ ਹੈ। ਨਾਮ ਨਿਧਾਨੀ ਪਰਧਾਨੀ ਨਾਮੀ ਵਾਹਿਗੁਰੂ ਸੁਆਮੀ, ਅਗਮ ਅਗਾਮੀ ਉਸਦੇ ਹਿਰਦੇ ਰੂਪੀ ਘਟ ਅੰਦਰਿ ਜੋਤ ਜੋਤੀਸ਼ਰ ਹੋਇ ਆਇ ਪ੍ਰਗਟੇਨੇ ਹਨ। ਗੁਰੂ ਨਾਨਕ ਸਾਹਿਬ ਜਾਚਨਾ ਜਚਾਉਂਦੇ ਹਨ ਅਤੇ ਅਸਾਡੇ ਪ੍ਰਤੀ ਜਾਚਨਾ ਜਚਾਉਣੀ ਸਿਖਾਉਂਦੇ ਹਨ ਕਿ ਐਸੇ ਜੋਤੀਸ਼ਰ ਘਟ-ਪ੍ਰਗਟੀਸ਼ਰਾਂ ਸੰਤ ਜਨਾਂ ਦੀ, ਹੇ ਪਿਆਰੇ ਪ੍ਰੀਤਮ ਸਿਰਜਨਹਾਰ ਕਰਤਾਰ! ਸਾਨੂੰ ਖ਼ਾਕ ਧੂੜੀ ਪਾਕ ਦੇਹ, ਹੇ ਹਰੀ ਪ੍ਰਮਾਤਮਾ! ਤੇਰੇ ਦੁਆਰੇ ਆਇ ਪਏ ਹਾਂ। ਐਸੇ ਸੰਤਾਂ ਦਾ ਦਰਸ਼ਨ ਪੇਖ ਪਰਸ ਕੇ ਹੀ ਮਨ ਅਘਾਇ ਜਾਂਦਾ ਹੈ ਅਤੇ ਤਿਨ੍ਹਾਂ ਦੇ ਸੰਗ ਮਿਲ ਕੇ ਅਦ੍ਰਿਸ਼ਟ ਅਗੋਚਰ ਪਰਮਾਤਮਾ ਦਾ ਮਿਲਣਾ ਸੁਭਾਇ ਸਹਿਜਾਨਾ ਹੀ ਹੋ ਜਾਂਦਾ ਹੈ। ਨਹੀਂ ਤਾਂ ਹੇ ਅਗਮ ਅਗੋਚਰ ਬੇਅੰਤ ਅਥਾਹਾ ਪਰਮੇਸ਼ਰਾ! ਹੋਰ ਕਿਸੇ ਤੋਂ ਤੇਰੀ ਕੀਮਤ ਕਹੀ ਕਥੀ ਨਹੀਂ ਜਾਂਦੀ। ਜਿਸ ਨੂੰ ਤੂੰ ਜਣਾਉਂਦਾ ਹੈਂ, ਸੋਈ ਤੁਧ ਨੂੰ ਜਾਣ ਪਛਾਣ ਸਕਦਾ ਹੈ। ਨ ਕੋਈ ਮੂਰਖ ਹੈ ਨ ਕੋਈ ਸਿਆਣਾ ਹੈ। ਸਭ ਵਿਚ ਤੇਰਾ ਭਾਣਾ ਵਰਤਦਾ ਹੈ, ਯਥਾ ਗੁਰਵਾਕ:—

ਨਾ ਕੋ ਮੂਰਖੁ ਨਾ ਕੋ ਸਿਆਣਾ ॥ ਵਰਤੈ ਸਭ ਕਿਛੁ ਤੇਰਾ ਭਾਣਾ ॥ ਅਗਮ ਅਗੋਚਰ ਬੇਅੰਤ ਅਥਾਹਾ, ਤੇਰੀ ਕੀਮਤਿ ਕਹਣੁ ਨ ਜਾਈ ਜੀਉ ॥੩॥ ਖਾਕੁ ਸੰਤਨ ਕੀ ਦੇਹੁ ਪਿਆਰੇ ॥ ਆਇ ਪਇਆ ਹਰਿ ਤੇਰੈ ਦੁਆਰੈ ॥ ਦਰਸਨੁ ਪੇਖਤ ਮਨੁ ਆਘਾਵੈ, ਨਾਨਕ ਮਿਲਣੁ ਸੁਭਾਈ ਜੀਉ ॥੪॥੭॥ [ਮਾਝ ਮ: ੫, ਪੰਨਾ ੯੮

ਨਿਰੰਕਾਰ ਵਾਹਿਗੁਰੂ, ਜਿਸਦਾ ਤ੍ਰੈਗੁਣੀ ਅਕਾਰ ਕੋਈ ਨਹੀਂ, ਨ ਰੂਪ ਹੈ, ਨ ਰੇਖ ਹੈ, ਨ ਰੰਗ ਹੈ, ਉਹ ਭਲਾ ਪੰਜ-ਭੂਤਕ ਅਲਪੱਗ ਦ੍ਰਿਸ਼ਟੀ ਦਾ ਵਿਸ਼ਾ, ਸਨਮੁਖ ਵਿਸ਼ਾ ਕਦ ਹੋ ਸਕਦਾ ਹੈ! ਜਿਨ੍ਹਾਂ ਨੂੰ ਦਿਬ ਦ੍ਰਿਸ਼ਟੇ ਦੀਦਿਆਂ ਦੀ ਬਖ਼ਸ਼ਿਸ਼ ਹੋਈ ਹੁੰਦੀ ਹੈ, ਉਹਨਾਂ ਨੂੰ ਪਹਿਲਾਂ ਨਿਰੰਕਾਰੀ ਨਾਮ ਧਿਆਵਣ ਦੀ ਨਦਰ ਗੁਰੂ ਦੁਆਰਿਓਂ ਹੋ ਜਾਂਦੀ ਹੈ। ਗੁਰ ਪ੍ਰਸਾਦਿ ਕਰਿ ਨਿਰੰਕਾਰੀ ਨਾਮ ਧਿਆਇ ਕੇ ਉਹਨਾਂ ਦੇ ਦਿਬ ਦ੍ਰਿਸ਼ਟੀ ਵਾਲੇ ਦੀਦੇ ਖੁਲ੍ਹ ਜਾਂਦੇ ਹਨ। ਦਿਬ ਦ੍ਰਿਸ਼ਟੇ ਦੀਦੇ ਖੁਲ੍ਹਣ ਸਾਰ ਉਹਨਾਂ ਨੂੰ ਉਸ ਅਦ੍ਰਿਸ਼ਟ ਅਗੋਚਰ ਆਦਿ ਪੁਰਖ ਅਪਰੰਪਰ ਸੁਆਮੀ ਦੇ ਪਰਤੱਖ ਦਰਸ਼ਨ ਹੋ ਜਾਂਦੇ ਹਨ। ਉਹ ਸੁਆਮੀ ਜੋ ਅਦ੍ਰਿਸ਼ਟਾ ਅਗਮ ਅਗੋਚਰ ਹੁੰਦਾ ਹੋਇਆ ਇਸ ਦ੍ਰਿਸ਼ਟਮਾਨ ਪਸਾਰੇ ਦਾ ਅਸਥਾਪਨ ਕਰਨਹਾਰਾ ਅਤੇ ਥਾਪ ਉਥਾਪਨਹਾਰਾ ਹੈ, ਕੈਸਾ ਅਸਚਰਜ ਹੈ! ਇਹ ਸਭ ਥਾਪਨਹਾਰ ਦੀ ਥਾਪਨਾ ਹੈ, ਜਿੰਨਾ ਦ੍ਰਿਸ਼ਟਮਾਨ ਪਸਾਰਾ ਦੀਂਹਦਾ ਹੈ। ਪਰ ਥਾਪਨਹਾਰਾ ਦਿਸਦਾ ਹੀ ਨਹੀਂ। ਦਿਸੇ ਕਿਵੇਂ, ਉਸਨੂੰ ਦੇਖਣਹਾਰ ਦਿਬ-ਦੀਦੇ ਹੀ ਕਿਸੇ ਦੇ ਨਹੀਂ। ਦਿਬ-ਲਤੀਫ਼ੀ ਅਨਸਰਾਂ ਵਾਲੇ ਤੁਰੀਆ-ਗੁਣੀ ਥਾਪਨੀਸਰੀ ਈਸਰ ਦੀ, ਦਿਬ ਲਤੀਫ਼ੀ ਦ੍ਰਿਸ਼ਟੀ ਨੈਣਾਂ ਹੀ ਪੇਖ ਪਛਾਣ ਸਕਦੀਆਂ ਹਨ। ਗੁਰੂ-ਘਰ ਦੇ ਗੁਰਮੁਖ ਜਨਾਂ ਨੂੰ ਇਹ ਅਖੜੀਆ ਅਤਾਂ (ਬਖ਼ਸ਼ਸ਼) ਹੋਈਆਂ ਹਨ, ਜਿਨ੍ਹਾਂ ਦੁਆਰਾ ਅਲਖ ਨਿਰੰਜਨ ਨਿਰੰਕਾਰ ਕਰਤਾਰ ਸਰੀਹਨ ਸਾਖਸ਼ਾਤ ਦਿਸਦਾ ਹੈ। ਗੁਰਮੁਖ ਜਨਾਂ ਦੀਆਂ ਅਲੱਖ ਲਖਵਾਣੀਆਂ, ਅਲੱਖ ਨੂੰ ਲਖਣੀਆਂ ਅਖੜੀਆਂ ਹੀ ਇਹ ਦਿੱਬ ਦ੍ਰਿਸ਼ਟਾਰ, ਦਿੱਬ ਅਕਾਲ ਮੂਰਤਾਰੜਾ ਦੀਦਾਰ ਕਰ ਸਕਦੀਆਂ ਹਨ। ਇਹ ਦਿੱਬ ਦ੍ਰਿਸ਼ਟੀਅਰੜੇ ਨੈਨ ਤਿਨ੍ਹਾਂ ਗੁਰਮੁਖਾਂ ਨੂੰ ਹੀ ਮਿਲਦੇ ਹਨ ਜਿਨ੍ਹਾਂ ਨੂੰ ਦਇਆਲ ਕਿਰਪਾਲ ਪ੍ਰਭੂ ਆਪ ਨਦਰੀ ਨਦਰ ਨਿਹਾਲ ਹੋਇ ਗੁਰ ਪ੍ਰਸਾਦਿ ਕਰਿ, ਨਿਰੰਕਾਰੀ ਨਾਮ ਦੀ ਬਖ਼ਸ਼ਸ਼ ਕਰਦਾ ਹੈ। ਨਿਰੰਕਾਰੀ ਨਾਮ ਅਭਿਆਸ ਜਾਪ ਕਰਦਾਂ ਹੋਇਆ, ਉਹ ਖ਼ੁਦ ਨਾਮ ਨਿਰੰਕਾਰ ਦੇ ਸਰੂਪ ਵਿਚ ਹੀ ਸਮਾਇ ਜਾਂਦਾ ਹੈ। ਹੇ ਵਾਹਿਗੁਰੂ, ਕਰਤਾਰ! ਤੂੰ ਆਪੇ ਸੱਚਾ ਸਿਰਜਨਹਾਰ ਹੈਂ, ਤੂੰ ਭਗਤੀ ਭਰੇ ਭੰਡਾਰਾਂ ਵਾਲਾ ਹੈਂ। ਜਿਨ੍ਹਾਂ ਗੁਰਮੁਖਾਂ ਨੂੰ ਤੇਰੀ ਸਚੜੀ ਗੁਰੂ-ਦਰਗਾਹੀ ਟਕਸਾਲ ਤੋਂ ਅਕਾਲ ਮੂਰਤਾਲੀ ਨਾਮ ਮਿਲਦਾ ਹੈ ਤਿਨ੍ਹਾਂ ਦਾ ਹੀ ਮਨ ਭਿਜਦਾ ਹੈ। ਤੇ ਸਚੇ ਦਰਸ਼ਨਾਂ ਨੂੰ ਦੇਖਦਾ ਪਤੀਜਦਾ ਹੈ। ਐਸੇ ਸਦ ਰੰਗ ਢੋਲੇ ਦੇ ਰਤੋਲੜੇ ਚੋਲੜਿਆਂ ਵਾਲੇ ਗੁਰਮੁਖ ਜਨ ਰਬੀ ਰੰਗ ਨਾਲ ਭਿਜ ਪਰਸਿੱਜ ਕੇ, ਨਾਮੀ ਵਾਹਿਗੁਰੂ ਨੂੰ


www.AKJ.Org

ਪੇਖਣਸਾਰ ਹੀ, ਉਸ ਦੇ ਸਰੂਪ ਵਿਚ ਸਹਿਜ ਸਮਾਧ ਸਥਿਤ ਹੋ ਜਾਂਦੇ ਹਨ। ਸਹਿਜ ਸਮਾਧ ਸਮਾਇਕੈ ਉਹਨਾਂ ਦੀ ਸਹਿਜ ਸਮਾਧੀ ਲਗੀ ਹੀ ਰਹਿੰਦੀ ਹੈ। ਇਸ ਸਹਿਜ ਲਗੀ ਸਮਾਧੀ ਵਿਚ ਭੀ ਉਹਨਾਂ ਦੀ ਪ੍ਰੇਮ-ਰੰਗ ਪ੍ਰਸਿੱਜੜੀ ਟੇਰ ਪੁਕਾਰ ਇਹੋ ਰਹਿੰਦੀ ਹੈ–ਹੇ ਪ੍ਰਭੂ ਪ੍ਰੀਤਮ ਮੇਰੇ! ਮੈਂ ਅਨਦਿਨ ਤੇਰੇ ਗੁਣ ਗਾਉਂਦਾ ਹੀ ਰਹਾਂ, ਤੈਨੂੰ ਸਲਾਹੁੰਦਾ ਸਿਫਤਾਉਂਦਾ ਹੀ ਰਹਾਂ। ਗੁਰ ਪ੍ਰਸਾਦੀ ਤੈਨੂੰ ਪਾਵਨ-ਹਾਰਿਆਂ ਦਰਸਾਵਨ-ਹਾਰਿਆਂ ਦੀ ਹੋਰ ਜਾਚਨਾ ਹੀ ਕੋਈ ਨਹੀਂ ਰਹਿੰਦੀ, ਨਾ ਹੋਰ ਮਨੋਂ ਉਹ ਜਾਚਨਾ ਕਰਦੇ ਹਨ। ਹੇ ਸਚੇ ਪਾਤਸ਼ਾਹ! ਸਚਮੁਚ ਤੁਧ ਅਗੰਮ ਅਗੋਚਰ ਦੀ ਗਤਿ ਮਿਤ ਪਾਈ ਹੀ ਨਹੀਂ ਜਾਂਦੀ। ਜਿਸਨੂੰ ਤੇ ਆਪਣੀ ਕਿਰਪਾ ਕਰਹਿ ਤਿਸਨੂੰ ਆਪ ਹੀ ਆਪਣੇ ਸਰੂਪ ਅਰੂਪ ਦਰਸ਼ਨ ਅਨੂਪ ਵਿਖੇ ਮਿਲਾਇ ਵਸਲਾਇ ਲਵੇਂ। ਇਹ ਅਨੂਪ ਵਸਲ ਮਿਲਾਪ ਗੁਰੂ ਪੂਰੇ ਦੇ ਸ਼ਬਦ-ਅਭਿਆਸ ਪਰਤਾਪ ਕਰਿ ਨਸੀਬ ਹੁੰਦਾ ਹੈ। ਬਸ ਗੁਰ-ਸ਼ਬਦ ਦੀ ਅਭਿਆਸ ਸੇਵ-ਕਮਾਈ ਸਰਬ ਸੁਖਾਂ ਸਿਰ ਸੁਖ, ਸਚੜੇ ਸੁਖਾਂ ਦੀ ਦਾਤੀ ਪਰਦਾਤੀ ਹੈ। ਯਥਾ ਗੁਰਵਾਕ :—

> ਆਦਿ ਪੁਰਖੁ ਅਪਰੰਪਰੁ ਆਪੇ ॥ ਆਪੇ ਥਾਪੇ ਥਾਪਿ ਉਥਾਪੇ ॥ ਸਭ ਮਹਿ ਵਰਤੈ ਏਕੋ ਸੋਈ, ਗੁਰਮੁਖਿ ਸੋਭਾ ਪਾਵਣਿਆ ॥੧॥ ਹਉ ਵਾਰੀ ਜੀਉ ਵਾਰੀ ਨਿਰੰਕਾਰੀ ਨਾਮੁ ਧਿਆਵਣਿਆ ॥ ਤਿਸੁ ਰੂਪੁ ਨ ਰੇਖਿਆ ਘਟਿ ਘਟਿ ਦੇਖਿਆ, ਗੁਰਮੁਖਿ ਅਲਖੁ ਲਖਾਵਣਿਆ ॥੧॥ਰਹਾਉ॥ ਤੂੰ ਦਇਆਲੁ ਕਿਰਪਾਲੁ ਪ੍ਰਭੁ ਸੋਈ ॥ ਤੁਧੁ ਬਿਨੁ ਦੂਜਾ ਅਵਰੁ ਨ ਕੋਈ ॥ ਗੁਰ ਪਰਸਾਦੁ ਕਰੇ ਨਾਮੁ ਦੇਵੈ, ਨਾਮੇ ਨਾਮਿ ਸਮਾਵਣਿਆ ॥੨॥ ਤੂੰ ਆਪੇ ਸਚਾ ਸਿਰਜਣਹਾਰਾ ॥ ਭਗਤੀ ਭਰੇ ਤੇਰੇ ਭੰਡਾਰਾ ॥ ਗੁਰਮੁਖਿ ਨਾਮੁ ਮਿਲੈ ਮਨੁ ਭੀਜੈ, ਸਹਜਿ ਸਮਾਧਿ ਲਗਾਵਣਿਆ ॥੩॥ ਅਨਦਿਨੁ ਗੁਣ ਗਾਵਾ ਪ੍ਰਭ ਤੇਰੇ ॥ ਤੁਧੁ ਸਾਲਾਹੀ ਪ੍ਰੀਤਮ ਮੇਰੇ ॥ ਤੁਧੁ ਬਿਨੁ ਅਵਰੁ ਨ ਕੋਈ ਜਾਚਾ, ਗੁਰ-ਪ੍ਰਸਾਦੀ ਤੂੰ ਪਾਵਣਿਆ ॥੪॥ ਅਗਮੁ ਅਗੋਚਰੁ ਮਿਤਿ ਨਹੀ ਪਾਈ॥ ਅਪਣੀ ਕ੍ਰਿਪਾ ਕਰਹਿ ਤੂੰ ਲੈਹਿ ਮਿਲਾਈ ॥ ਪੂਰੇ ਗੁਰ ਕੈ ਸਬਦਿ ਧਿਆਈਐ ਸਬਦੁ ਸੇਵਿ ਸੁਖੁ ਪਾਵਣਿਆ ॥੫॥
>
> [ਮਾਝ ਮ: ੪, ਪੰਨਾ ੧੨੯

ਜੈਸੇ ਨਾਮ ਰਤਨ ਘਟ ਅੰਦਰਿ ਗੁਝਾ ਰਖਿਆ ਪਿਆ ਹੈ, ਹੈ ਘਟਿ ਅੰਤਰਿ ਹੀ, ਪਰ ਕਿਸੇ ਨੂੰ ਇਸਦਾ ਕੋਈ ਪਤਾ ਨਹੀਂ ਲਗਦਾ। ਅਲੱਖ ਹੀ ਰਹਿੰਦਾ ਹੈ, ਲਖਿਆਂ ਨਹੀਂ ਜਾਂਦਾ। ਗੁਰ-ਸ਼ਬਦ ਮੰਤ੍ਰ ਦੀ ਕਮਾਈ ਨਾਲ ਅੰਤ੍ਰੀਵੀ ਜੋਤਿ ਰਤਨ ਨਾਮੁ ਪ੍ਰਜੁਅਲਤ ਹੋਇ ਆਵੰਦਾ ਹੈ, ਏਸੇ ਤਰ੍ਹਾਂ ਅਗੰਮ ਅਗੋਚਰ ਸਭ ਤੇ ਊਚਾ ਅਕਾਲ ਪੁਰਖ ਅਦ੍ਰਿਸ਼ਟ ਅਤੇ ਅਲੱਖ ਹੀ ਰਹਿੰਦਾ ਹੈ, ਜਦ ਤਾਈਂ ਗੁਰਸ਼ਬਦ ਦੀ ਅਭਿਆਸ ਕਮਾਈ, ਨਾਮ ਨਾਮੀ ਅਭੇਦ ਆਤਮ ਪਰਮਾਤਮ ਜੋਤਿ ਨੂੰ, ਪ੍ਰਕਾਸ਼ ਰੂਪ ਵਿਚ ਪ੍ਰਤਿਬਿੰਬਤ ਨਹੀਂ ਕਰ ਦਿੰਦੀ। ਤਾਂਤੇ ਸ਼ਬਦ ਗੁਰ-ਮੰਤ੍ਰ ਦਾ ਅਭਿਆਸ ਦੁਵੱਲੇ ਸਵਲੇ ਪਰਮਾਰਥ ਸਚਿ ਲਾਹੇ ਪਰਦਾਨ ਕਰਦਾ ਹੈ। ਨਾਮ ਅਮਿਤ ਰਤਨੀ ਜੋਤਿ ਆਤਮ ਪਰਮਾਤਮ ਅਭੇਦਤਾ ਦੇ ਪ੍ਰਚੰਡ ਸਰੂਪ ਵਿਚ, ਗੁਪਤੋਂ ਅਗੁਪਤ ਉਦੇ ਹੋਇ ਆਵੰਦੀ ਹੈ, ਗੁਝੋਂ ਅਗੋਝ ਹੋ ਜਾਂਦੀ ਹੈ, ਗੋਝ ਗੁਪਤ ਦਸ਼ਾ ਵਿਚ ਆਤਮ ਪਰਮਾਤਮ ਰੰਗਾਂ ਦਾ ਲੁਪਤ ਰਹਿਣਾ ਇਸ ਗੱਲ ਦਾ ਸਬੂਤ ਨਹੀਂ ਕਿ ਇਹਨਾਂ ਦਾ ਵਜੂਦ ਹੀ ਕੁਝ ਨਹੀਂ, ਨੇਸਤੋ ਨਾਬੂਦ ਹੀ ਹਨ। ਜੈਸੇ ਅਗਨੀ ਕਾਸਟ ਪਾਹਨ ਜਲ ਬਨਾਸਪਤੀ ਅੰਦਰ ਗੋਪ ਲੋਪ ਹੀ ਰਹਿੰਦੀ ਹੈ, ਜਦ ਤਾਈਂ ਕਿ ਇਸ ਨੂੰ ਜੁਗਤ ਸੇਤੀ ਪ੍ਰਚੰਡ ਨ ਕੀਤਾ ਜਾਏ, ਜਦ ਤਾਈਂ ਅਗਨੀ ਅਲੋਪੋਂ ਗੋਪੋਂ ਪ੍ਰਚੰਡਤ ਨਹੀਂ ਹੋਇ ਆਈ, ਓਦੋਂ ਤਾਈਂ ਚਤਰ ਤੋਂ ਚਤਰ ਸਿਆਣੇ ਲੋਕ ਭੀ ਇਹ ਕਹਿੰਦੇ ਰਹੇ ਕਿ ਕਾਸਟ ਬਨਾਸਪਤੀ ਆਦਿ ਅਗਨੀ ਦੀ ਹੋਂਦ ਤੋਂ ਸੂਨ ਹਨ। ਇਸੇ ਤਰ੍ਹਾਂ ਪੰਚ-ਭੂਤਕੀ ਚੇਟਕਤਾ ਦੇ ਚੁੰਧਿਆਏ ਹੋਏ ਅੰਧਲੇ ਅਗਿਆਨੀ ਲੋਕ ਆਤਮ ਪ੍ਰਮਾਤਮ ਦੀ ਹੋਂਦ ਹਸਤੀ ਤੋਂ ਭੀ ਮੁਨਕਰ ਦਿਖਾਈ ਦੇਂਦੇ ਹਨ। ਅਤੇ ਬੜੇ ਬੜੇ ਸਾਇੰਸਦਾਨ ਹੁਣ ਤਾਈਂ ਭੀ ਮੁਨਕਰ ਹਨ। ਜੇ ਕੋਈ ਚਮਤਕਾਰ ਦਿਸੇ ਤਾਂ ਉਹ ਪਤੀਜਣ। ਇਹ ਉਨ੍ਹਾਂ ਦੇ ਅਭਾਗ ਹਨ ਕਿ ਉਨ੍ਹਾਂ ਨੂੰ ਚੰਭੁਕੀ ਚਮਤਕਾਰ ਨਾਯਾਬ ਹਨ। ਇਹ ਚਮਤਕਾਰਾਂ ਦਾ ਪ੍ਰਾਪਤ ਨ ਹੋਣਾ ਏਸ ਗੱਲ ਦਾ ਸਬੂਤ ਨਹੀਂ ਕਿ ਆਤਮ ਪ੍ਰਮਾਤਮ ਦੀ ਸਤੱਤਾ ਹੀ ਅਸਤ ਹੈ।

www.AKJ.Org

# ਜੀਵਨ ਜੁਗਤੀ

[ਵਲੋਂ—ਭਾਈ ਸਾਹਿਬ ਜੋਧ ਸਿੰਘ ਜੀ, ਡੀ. ਲਿਟ.)

ਜਦੋਂ ਮੈਂ ਵਿਦਿਆਰਥੀ ਸਾਂ ਤਾਂ ਮਨੋਵਿਗਿਆਨ ਦੀਆਂ ਪੁਸਤਕਾਂ ਵਿਚ ਇਹ ਲਿਖਿਆ ਹੁੰਦਾ ਸੀ ਕਿ ਮਨੁੱਖ ਇਕ ਵਿਚਾਰ-ਸ਼ੀਲ ਜੰਤੂ ਹੈ। ਪਰ ਜਦੋਂ ਪਛਮੀ ਵਿਦਵਾਨਾਂ ਨੇ ਹੋਰ ਖੋਜ ਕੀਤੀ ਅਤੇ ਕਈ ਪਰਤਾਵੇ ਕੀਤੇ ਤਾਂ ਇਹ ਪਤਾ ਲਗਾ ਕਿ ਮਨੁੱਖ ਆਪਣੀ ਕ੍ਰਿਆ ਸਦਾ ਵਿਚਾਰ ਦੇ ਆਧਾਰ ਪੁਰ ਨਹੀਂ ਕਰਦਾ। ਇਸ ਦੇ ਸੁਭਾਵ ਵਿਚ ਕਈ ਰੁਚੀਆਂ ਹਨ ਜੋ ਹੋਰ ਪਸ਼ੂਆਂ ਨਾਲ ਸਾਂਝੀਆਂ ਹਨ ਅਤੇ ਜਿਸ ਤਰ੍ਹਾਂ ਹੋਰ ਪਸ਼ੂਆਂ ਨੂੰ ਉਹ ਕ੍ਰਿਆ ਲਈ ਟੁੰਬਦੀਆਂ ਹਨ, ਇਸੇ ਤਰ੍ਹਾਂ ਮਨੁੱਖ ਨੂੰ ਵੀ ਕ੍ਰਿਆ ਲਈ ਉਹੋ ਰੁਚੀਆਂ ਉਦਿਤ ਕਰਦੀਆਂ ਹਨ। ਪਛਮੀ ਵਿਦਵਾਨਾਂ ਇਹ ਸਿਟਾ ਕੱਢਿਆ ਹੈ ਕਿ ਉਹਨਾਂ ਰੁਚੀਆਂ ਵਿਚੋਂ ਤਿੰਨ ਪਰਧਾਨ ਹਨ: ਸੈਕਸ (ਕਾਮ), ਈਗੋ (ਹਉਮੈ) ਅਤੇ ਹਰਡ (ਲੋਕਾਚਾਰ)। ਸਾਡੇ ਦੇਸ਼ ਦੇ ਵਿਚਾਰਵਾਨਾਂ ਉਹਨਾਂ ਨੂੰ ਪੰਜਾਂ ਵਿਚ ਵੰਡਿਆ ਹੈ— ਕਾਮ, ਕਰੋਧ, ਲੋਭ, ਮੋਹ, ਅਹੰਕਾਰ। ਪਛਮੀ ਵਿਦਵਾਨ ਹੁਣ ਇਹ ਮੰਨਦੇ ਹਨ ਕਿ ਜਦੋਂ ਬੱਚਾ ਜੰਮਦਾ ਹੈ ਤਾਂ ਉਸ ਦੇ ਮਨ ਦੀ ਤਖ਼ਤੀ ਕੋਰੀ ਨਹੀਂ ਹੁੰਦੀ। ਉਹ ਇਨ੍ਹਾਂ ਪਾਸ਼ਵਿਕ ਅਤੇ ਕਈ ਹੋਰ ਬ੍ਰਿਤੀਆਂ ਨੂੰ ਨਾਲ ਲੈ ਆਂਵਦਾ ਹੈ। ਪਛਮੀ ਵਿਗਿਆਨਿਕ ਵਿਚਾਰ-ਧਾਰਾ ਇਹ ਹੈ ਕਿ ਮਨੁੱਖ ਹੌਲੀ ਹੌਲੀ ਪਸੂ-ਸ਼੍ਰੇਣੀ ਵਿਚੋਂ ਉਗਮਿਆ ਹੈ ਅਤੇ ਇਹ ਰੁਚੀਆਂ ਉਹ ਵਿਰਸੇ ਵਿਚ ਲੈ ਆਇਆ ਹੈ। ਸਾਡੇ ਦੇਸ਼ ਦੇ ਵਿਚਾਰ-ਵਾਨ ਆਵਾ-ਗਵਨ ਦੇ ਸਿਧਾਂਤ ਅਨੁਸਾਰ ਇਹ ਆਖਦੇ ਹਨ ਕਿ ਜਨਮ-ਜਨਮਾਂਤਰਾਂ ਦੇ ਕਰਮਾਂ ਦਾ ਫਲ ਇਕ ਮਨੁੱਖ ਦਾ ਹੁਣ ਦਾ ਸੁਭਾਵ ਹੈ। ਤੁਸੀਂ ਕਿਸੇ ਵਿਚਾਰਧਾਰਾ ਨੂੰ ਚੰਗੇਰਾ ਸਮਝੋ, ਵਿਚਾਰ ਗੋਚਰੇ ਕਰਨ ਵਾਲੀ ਗੱਲ ਇਹ ਹੈ ਕਿ ਮਨੁੱਖ ਦੀ ਕ੍ਰਿਆ ਦਾ ਆਧਾਰ ਆਦੀ ਪਸੂ-ਬ੍ਰਿਤੀਆਂ ਹਨ। ਜਦੋਂ ਉਨ੍ਹਾਂ ਦਾ ਟੁੰਬਿਆ ਇਹ ਕੋਈ ਕੰਮ ਕਰ ਬੈਠਦਾ ਹੈ ਤਾਂ ਉਸ ਤੇ ਪੱਚਾ ਪਾਉਣ ਲਈ ਜਾਂ ਆਪਣੀ ਕਰਤੂਤ ਨੂੰ ਸਹੀ ਸਾਬਤ ਕਰਨ ਲਈ ਦਲੀਲਾਂ ਦਾ ਸਹਾਰਾ ਲੈਂਦਾ ਹੈ। ਮਨੁੱਖ ਆਮ ਤੌਰ ਪੁਰ ਵਕਤੀ ਮਨੋਵੇਗਾਂ ਦੇ ਆਧਾਰ ਪੁਰ ਕੰਮ ਕਰਦਾ ਹੈ।

ਉਪਰਲੀ ਸੰਖਿਪਤ ਵਿਚਾਰ ਦਾ ਸਿੱਟਾ ਇਹ ਹੈ ਕਿ ਜੀਵਨ ਵਿਚ ਇਹ ਮੰਨ ਲੈਣਾ ਕਿ ਜਿਨ੍ਹਾਂ ਮਨੁੱਖਾਂ ਨਾਲ ਸਾਡਾ ਵਾਸਤਾ ਹੈ ਉਹ ਸਦਾ ਇਕੋ ਜਿਹੀਆਂ ਹਾਲਤਾਂ ਵਿਚ ਇਕੋ ਜਿਹੀ ਕ੍ਰਿਆ ਕਰਨਗੇ, ਠੀਕ ਨਹੀਂ। ਜੋ ਮਨੁੱਖ ਅਜ ਤੁਹਾਡੀ ਵਿਰੋਧਤਾ ਕਰ ਰਿਹਾ ਹੈ ਉਹ ਹੋ ਸਕਦਾ ਹੈ ਦੂਜੀ ਵਾਰ ਤੁਹਾਡੀ ਪ੍ਰੋੜ੍ਹਤਾ ਕਰੇ। ਕਿਸੇ ਨੂੰ ਆਪਣਾ ਪੱਕਾ ਵਿਰੋਧੀ ਸਮਝ ਲੈਣਾ ਭੁਲ ਹੈ ਅਤੇ ਜੀਵਨ ਵਿਚ ਦੁਖ ਦਾ ਕਾਰਨ ਬਣਦਾ ਹੈ। ਤੁਸਾਂ ਆਪਣੇ ਤਜਰਬੇ ਵਿਚ ਵੇਖਿਆ ਹੋਣਾ ਹੈ ਕਿ ਅਜ ਕੁਝ ਆਦਮੀ ਇਕ ਜਥਾ ਬਣਾ ਕੇ ਇਕ ਮਿਤ੍ਰ ਹੋ ਕੇ ਕੰਮ ਕਰ ਰਹੇ ਹਨ। ਥੋੜ੍ਹੇ ਦਿਨਾਂ ਮਗਰੋਂ ਥੋੜ੍ਹੇ ਜਿਹੇ ਨਿੱਖੜ ਜਾਂਦੇ ਹਨ ਅਤੇ ਆਪਣੇ ਸਾਥੀਆਂ ਨੂੰ ਊਜਾਂ ਲਾ ਕੇ ਉਸੇ ਜਥੇ ਦੀ ਵਿਰੋਧਤਾ ਕਰਨ ਲਗ ਪੈਂਦੇ ਹਨ। ਅਜ ਉਹ ਜਦੋਂ ਇਕੱਠੇ ਸਨ ਇਕ ਦੂਜੇ ਦੀ ਉਸਤਤ ਕਰਦੇ ਸਨ। ਕਲ ਜਦੋਂ ਨਿਖੜ ਗਏ, ਉਹੋ ਦੇਵਤੇ ਦੈਂਤ ਦਾ ਰੂਪ ਧਾਰ ਲੈਂਦੇ ਹਨ। ਇਕ ਰਾਤ ਵਿਚ ਜਿਨ੍ਹਾਂ ਨੂੰ ਅਸੀਂ ਦੇਵਤੇ ਕਹਿ ਕੇ ਵਡਿਆ ਰਹੇ ਸਾਂ, ਉਹਨਾਂ ਦਾ ਆਚਾਰ ਬਦਲ ਜਾਂਦਾ ਹੈ ਅਤੇ ਉਹ ਰਾਖ਼ਸ਼ ਬਣ ਜਾਂਦੇ ਹਨ। ਤੁਸਾਂ ਜੇ ਕੋਈ ਜਥਾ ਬਣਾ ਕੇ ਕੰਮ ਕਰਨਾ ਹੈ ਤਾਂ ਇਹ ਕਦੀ ਨਾ ਸਮਝੋ ਕਿ ਜੋ ਤੁਹਾਡਾ ਵਿਰੋਧ ਕਰ ਰਿਹਾ ਹੈ, ਉਹ ਸਾਰੀ ਉਮਰ ਤੁਹਾਡਾ ਵਿਰੋਧੀ ਹੀ ਰਹੇਗਾ। ਤੁਸੀਂ ਉਸ ਨੂੰ ਨਿੰਦ ਕੇ ਪੱਕਾ ਵਿਰੋਧੀ ਨਾ ਬਣਾਓ। ਸਭ ਮਨੁੱਖਾਂ ਵਿਚ ਗੁਣ, ਔਗੁਣ ਹੁੰਦੇ ਹਨ। ਤੁਸੀਂ ਗੁਣਾਂ ਦੀ ਸਾਂਝ ਕਰੋ। ਆਪਣੇ ਸਾਥੀਆਂ ਦੇ ਔਗੁਣ ਵੇਖ ਕੇ ਅਣਡਿੱਠ ਕਰੋ ਤਾਂ ਤੁਸਾਨੂੰ ਕੰਮ ਕਰਦੇ ਹੋਏ ਵੀ ਖ਼ੁਸ਼ੀ ਅਨੁਭਵ ਹੋਵੇਗੀ ਅਤੇ ਜਿਸ ਕੰਮ ਨੂੰ ਹੱਥ ਪਾਉਗੇ ਜ਼ਰੂਰ ਸਿਰੇ ਚੜ੍ਹੇਗਾ। ਸਾਰੇ ਮਨੁੱਖ ਇਕੋ ਸੁਭਾਉ ਦੇ ਨਹੀਂ। ਕੋਈ ਮਿਹਨਤੀ ਹੈ ਕੋਈ ਆਲਸੀ। ਕੋਈ ਜਤਨ ਕਰਦਾ ਹੈ ਕਿ ਵਿਚਾਰ ਤੋਂ ਜਿਥੋਂ ਤੀਕ ਹੋ ਸਕਦਾ ਹੈ ਕੰਮ ਲਵੇ, ਕੋਈ ਭਾਵਾਂ ਦੇ ਵਸ ਹੋ ਕੇ ਕੰਮ ਕਰਦਾ ਹੈ। ਸਭ ਨੂੰ ਇਕੋ ਰਸੇ ਨਾ ਬੰਨ੍ਹੋ। ਹਰ ਇਕ ਦਾ ਸੁਭਾਉ ਦੇਖ ਕੇ ਉਹਦੇ ਨਾਲ ਵਰਤੋਂ ਕਰੋ



www.AKJ.Org

ਤਾਂ ਸੁਖ ਰਹੇਗਾ ਅਤੇ ਸਫਲਤਾ ਵੀ ਹੋਵੇਗੀ।

ਕਈ ਵੇਰ ਇਹ ਹੁੰਦਾ ਹੈ ਕਿ ਤੁਸਾਂ ਕੋਈ ਕੰਮ ਅਰੰਭ ਕੀਤਾ ਹੈ। ਕੁਝ ਸਫਲਤਾ ਉਸ ਵਿਚ ਹੋਣ ਕਰਕੇ ਕੁਝ ਮਾਣ ਤੁਹਾਨੂੰ ਪ੍ਰਾਪਤ ਹੋਇਆ ਹੈ। ਕਈ ਲੋਕ ਈਰਖਾ ਕਾਰਨ ਉਸ ਨੂੰ ਸਹਾਰ ਨਹੀਂ ਸਕਦੇ ਅਤੇ ਉਹ ਉਹੋ ਕੰਮ ਹੋਰ ਅੱਡਰਾ ਜੱਥਾ ਬਣਾ ਕੇ ਅਰੰਭ ਦਿੰਦੇ ਹਨ। ਇਸ ਗੱਲ ਤੇ ਤੁਸਾਂ ਨੂੰ ਕੋਈ ਰੋਸ ਨਹੀਂ ਹੋਣਾ ਚਾਹੀਦਾ। ਤੁਸਾਂ ਜੋ ਮਨੋਰਥ ਮੂਹਰੇ ਰੱਖਿਆ ਹੈ ਜੇ ਕੁਝ ਸਜਣ ਉਸੇ ਮਨੋਰਥ ਨੂੰ ਤੁਹਾਥੋਂ ਅੱਡਰਾ ਰਹਿ ਕੇ ਪੂਰਾ ਕਰਨਾ ਚਾਹੁੰਦੇ ਹਨ ਤਾਂ ਜਮ ਜਮ ਕਰਨ। ਆਖ਼ਿਰ ਟੀਚਾ ਸਾਡਾ ਤਾਂ ਕਿਸੇ ਖ਼ਾਸ ਮਨੋਰਥ ਦੀ ਸਿਧੀ ਹੈ। ਇਸ ਦੇ ਵਿਚ ਕੀ ਫ਼ਰਕ ਪੈਂਦਾ ਹੈ ਕਿ ਉਹ ਤੁਹਾਡੀ ਰਾਹੀਂ ਸਿਧ ਹੋਵੇ ਜਾਂ ਕਿਸੇ ਹੋਰ ਦੀ ਰਾਹੀਂ। ਜਿਹੜਾ ਮਨੁੱਖ ਇਹ ਖ਼ਿਆਲ ਕਰ ਬੈਠਾ ਹੈ ਕਿ ਫ਼ਲਾਣਾ ਮਨੋਰਥ ਮੇਰੀ ਰਾਹੀਂ ਹੀ ਸਿੱਧ ਹੋਵੇ, ਉਹ ਅਹੰਕਾਰ ਵਿਚ ਫਸ ਗਿਆ ਹੈ ਅਤੇ ਅਹੰਕਾਰੀ ਸਦਾ ਦੁਖੀ ਰਹਿੰਦਾ ਹੈ।

ਆਪਣਾ ਪੂਰਾ ਜ਼ੋਰ ਲਾਉਣ ਲਈ ਸਰੀਰ ਦੀ ਅਰੋਗਤਾ ਅਤੇ ਮਨ ਦੀ ਸ਼ਾਂਤੀ ਦੋ ਜ਼ਰੂਰੀ ਗੁਣ ਹਨ। ਇਸ ਲਈ ਸਰੀਰ ਦੀ ਅਰੋਗਤਾ ਦਾ ਪੂਰਾ ਖ਼ਿਆਲ ਰਖੋ। ਰੋਗ ਤਾਂ ਕਈ ਹਨ, ਪਰ ਅਰੋਗਤਾ ਦੇ ਨਿਯਮ ਬਹੁਤ ਥੋੜੇ ਹਨ। ਵੇਲੇ ਸਿਰ ਖਾਣਾ, ਸੌਣਾ, ਜਾਗਣਾ, ਕਸਰਤ ਕਰਨੀ, ਇਹ ਅਰੋਗਤਾ ਲਈ ਵਡੇ ਸਹਾਇਕ ਹਨ। ਖਾਓ ਸਾਦਾ ਖ਼ੁਰਾਕ ਅਤੇ ਖਾਓ ਇਤਨੀ ਜਿਤਨੀ ਪਚ ਜਾਏ। ਸਾਫ਼ ਸੁਥਰੇ ਕਪੜੇ ਪਾਓ। ਜ਼ਰੂਰੀ ਨਹੀਂ ਕਿ ਉਹ ਬਹੁਤ ਕੀਮਤੀ ਹੋਣ। ਸਗੋਂ ਕੀਮਤੀ ਕਪੜੇ ਪਾ ਕੇ ਉਨ੍ਹਾਂ ਦੀ ਸਾਂਭ ਦੀ ਖੇਚਲ ਹੀ ਸਰੀਰ ਲਈ ਇਕ ਦੁੱਖ ਦਾ ਕਾਰਨ ਹੋ ਜਾਂਦੀ ਹੈ। ਸਾਫ਼ ਹਵਾ, ਸਾਫ਼ ਰਿਹਾਇਸ਼, ਸਾਫ਼ ਚੁਗਿਰਦਾ, ਇਹ ਸਿਹਤ ਲਈ ਬਹੁਤ ਜ਼ਰੂਰੀ ਹਨ। ਅਰੋਗ ਸਰੀਰ ਮਨ ਦੀ ਅਰੋਗਤਾ ਵਿਚ ਸਹਾਈ ਹੁੰਦਾ ਹੈ।

ਪਰ ਬਿਨਾਂ ਮਨ ਦੀ ਅਰੋਗਤਾ ਦੇ ਸਰੀਰ ਅਰੋਗ ਨਹੀਂ ਹੋ ਸਕਦਾ। ਇਹ ਭੇਦ ਬਹੁਤ ਘੱਟ ਲੋਕ ਸਮਝਦੇ ਹਨ। ਜਿਸ ਮਨ ਵਿਚ ਸਦਾ ਸਾੜੇ ਤੇ ਈਰਖਾ ਦੀ ਅੱਗ ਬਲਦੀ ਰਹੇ, ਸਦਾ ਵੈਰ ਵਿਰੋਧ ਅਤੇ ਕਰੋਧ ਦਾ ਭਾਂਬੜ ਮਚਿਆ ਰਹੇ, ਉਹ ਸਰੀਰ ਕਿਸ ਤਰ੍ਹਾਂ ਅਰੋਗ ਰਹਿ ਸਕਦਾ ਹੈ? ਹੁਣ ਤਾਂ ਪਛਮੀ ਡਾਕਟਰ ਵੀ ਇਹ ਗੱਲ ਮੰਨ ਗਏ ਹਨ ਕਿ ਜੇ ਬੀਮਾਰ ਨੂੰ ਖ਼ੁਸ਼ ਰੱਖਿਆ ਜਾਵੇ ਤਾਂ ਉਹ ਛੇਤੀ ਅਰੋਗ ਹੋ ਜਾਂਦਾ ਹੈ। ਚਿੰਤਾ ਮਨ ਦਾ ਵੱਡਾ ਰੋਗ ਹੈ। ਇਕ ਮਹਾਤਮਾ ਨੇ ਕਹਿਆ ਹੈ ਕਿ ਚਿੰਤਾ ਚਿਖਾ ਦੇ ਸਮਾਨ ਹੈ। ਸਗੋਂ ਉਸ ਤੋਂ ਵਧੀਕ ਹੈ। ਚਿਖਾ ਤਾਂ ਇਕੋ ਦਿਨ ਸਾੜ ਕੇ ਸਰੀਰ ਨੂੰ ਸਵਾਹ ਕਰ ਦਿੰਦੀ ਹੈ, ਪਰ ਚਿੰਤਾ ਹਮੇਸ਼ ਸਾੜਦੀ ਰਹਿੰਦੀ ਹੈ। ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਜੋ ਰੱਬ ਦੇ ਰਾਹ ਪੁਰ ਤੁਰਦਾ ਹੈ ਉਸ ਦੀ ਚਿੰਤਾ ਮੁਕ ਜਾਂਦੀ ਹੈ ਅਤੇ ਅਹੰਕਾਰ ਮਿਟ ਜਾਂਦਾ ਹੈ। ਧਾਰਮਿਕ ਜੀਵਨ ਦਾ ਜੇ ਇਹ ਫਲ ਪ੍ਰਾਪਤ ਨਹੀਂ ਹੋਇਆ ਤਾਂ ਅਸੀਂ ਅਸਲੀ ਧਰਮ ਨੂੰ ਸਮਝਿਆ ਨਹੀਂ। ਧਰਮ ਦੀ ਸਾਰੀ ਰਹਿਤ ਇਨ੍ਹਾਂ ਮਾਨਸਿਕ ਰੋਗਾਂ ਨੂੰ ਨਸ਼ਟ ਕਰਨ ਲਈ ਹੈ। ਬੇਫ਼ਿਕਰ ਮਨ ਸਵਰਗ ਦਾ ਹੂਟਾ ਹੈ। ਜੇ ਮਨ ਅਰੋਗ ਹੋ ਜਾਵੇ ਤਾਂ ਸਰੀਰ ਸੁਤੇ ਹੀ ਅਰੋਗ ਰਹਿੰਦਾ ਹੈ। ਦਸਮ ਪਾਤਸ਼ਾਹ ਨੇ ਫ਼ੁਰਮਾਇਆ ਹੈ, 'ਸਦਾ ਰਹੈ ਕੰਚਨ ਸੀ ਕਾਇਆ' ਉਨ੍ਹਾਂ ਦੀ, ਜਿਨ੍ਹਾਂ ਮਨ ਅਰੋਗ ਕਰ ਲਇਆ ਹੈ।

ਪਛਮ ਨੇ ਇਕ ਨਵਾਂ ਪਰਚਾਰ ਸਾਡੇ ਵਿਚ ਕੀਤਾ ਹੈ। ਜਦ ਤੀਕ ਮਨ ਵਿਚ ਅਸ਼ਾਂਤੀ ਨਾ ਪੈਦਾ ਹੋਵੇ, ਪਦਾਰਥਕ ਉਨਤੀ ਲਈ ਉਦਮ ਹੀ ਨਹੀਂ ਪੈਦਾ ਹੁੰਦਾ। ਸਵਾਲ ਇਹ ਹੈ ਕਿ ਪਦਾਰਥਕ ਉਨਤੀ ਦਾ ਅੰਤਮ ਪ੍ਰਯੋਜਨ ਕੀ ਹੈ? ਸਰੀਰਕ ਸੁਖ। ਸੋ ਉਨਤੀ ਦਾ ਜਤਨ ਕਰਦਿਆਂ ਜੇ ਉਸ ਸੁਖ ਨੂੰ ਹੀ ਨਾਸ ਕਰ ਦੇਵੀਏ ਤਾਂ ਜਤਨ ਦਾ ਲਾਭ ਕੀ?

ਇਥੇ ਇਕ ਗੱਲ ਯਾਦ ਰਖਣੀ ਜ਼ਰੂਰੀ ਹੈ। ਆਲਸ ਅਤੇ ਸ਼ਾਂਤੀ ਇਕ ਸ਼ੈ ਨਹੀਂ। ਚਿਤ ਸ਼ਾਂਤ ਹੋਵੇ ਤਾਂ ਉਦਮ ਸਾਰਾ ਜ਼ੋਰ ਲਾ ਕੇ ਕਰੀਦਾ ਹੈ। ਈਰਖਾ, ਵੈਰ, ਵਿਰੋਧ, ਚਿੰਤਾ ਉਸ ਤਾਣ ਨੂੰ ਘੱਟ ਕਰ ਦਿੰਦੇ ਹਨ ਜੋ ਅਸੀਂ ਆਪਣੇ ਭਲੇ ਜਾਂ ਦੂਜਿਆਂ ਦੇ ਭਲੇ ਲਈ ਕਰ ਸਕਦੇ ਹਾਂ। ਇਸ ਲਈ ਮਨ ਦਾ ਔਗੁਣ-ਰਹਿਤ ਹੋਣਾ ਅਤੇ ਸਰੀਰ ਦਾ ਅਰੋਗ ਹੋਣਾ ਪਦਾਰਥਕ ਉਨਤੀ ਲਈ ਅਵੱਸ਼ ਹਨ। ਪਦਾਰਥਕ ਉਨਤੀ ਲਈ ਰਲ ਕੇ ਕੰਮ ਕਰਨਾ ਲਾਭਦਾਇਕ ਹੈ। ਪਰ ਲੋਭ ਆਦਿ ਔਗੁਣ ਇਸ ਰਲਵੇਂ ਕੰਮ ਵਿਚ ਵਿਘਨ-ਕਾਰੀ ਹਨ। ਨਿਰਛਲ, ਸੱਚਾ ਤੇ ਮਿਹਨਤੀ ਪੁਰਸ਼ ਸਭ ਦਾ ਮਨ ਜਿਤ ਲੈਂਦਾ ਹੈ। ਜਿਸ ਨੇ ਸਾਥੀਆਂ ਦਾ ਇਤਬਾਰ ਪ੍ਰਾਪਤ ਕਰ ਲਿਆ, ਉਸ ਪਦਾਰਥਕ ਉਨਤੀ ਦਾ ਪਹਿਲਾ ਪੜਾਉ ਤੈਹ ਕਰ

www.AKJ.Org

ਲਿਆ। ਅਸਲ ਗੱਲ ਇਹ ਹੈ ਕਿ ਭਾਵੇਂ ਵਿਅਕਤੀਗਤ ਉਨਤੀ ਉਨਤੀ ਹੋਵੇ ਭਾਵੇਂ ਪੰਥਕ ਜਾਂ ਕੌਮੀ ਉਨਤੀ, ਸਭ ਦਾ ਨਿਰਭਰ ਉਹਨਾਂ ਮਨੁੱਖਾਂ ਦੇ ਆਚਰਣ ਦੀ ਉਚਤਾ ਪੁਰ ਹੈ ਜੋ ਉਸ ਧਰਮ ਦੇ ਸ਼ਰਧਾਲੂ ਹਨ ਜਾਂ ਉਸ ਦੇਸ਼ ਦੇ ਵਸਨੀਕ ਹਨ। ਪੰਥ ਜਾਂ ਕੌਮ ਮਨੁੱਖਾਂ ਦੇ ਸਮੂਹ ਦਾ ਹੀ ਨਾਮ ਹੈ। ਜੇ ਹਰ ਇਕ ਵਿਅਕਤੀ ਆਪਣੇ ਆਚਰਣ ਨੂੰ ਉਚਾ ਕਰੇ ਤਾਂ ਪੰਥ ਜਾਂ ਕੌਮ ਉਚੇ ਹੋ ਜਾਂਦੇ ਹਨ। ਇਕ ਅੰਗਰੇਜ਼ ਲੇਖਕ ਕਾਰਲਾਇਲ ਦਾ ਕਥਨ ਹੈ ਕਿ ਦੁਨੀਆ ਇਕ ਅਸੰਭਵ ਪ੍ਰਸ਼ਨ ਹੱਲ ਕਰਨ ਵਿਚ ਲਗੀ ਹੋਈ ਹੈ। "ਨੀਵੇਂ ਆਚਰਣ ਦੇ ਬੰਦਿਆਂ ਦਾ ਰਲਵਾਂ ਕੰਮ ਕਿਸ ਤਰ੍ਹਾਂ ਉਚੇ ਪਾਏ ਦਾ ਹੋ ਸਕਦਾ ਹੈ?" ਸਗੋਂ ਰਲਵੇਂ ਕੰਮ ਵਿਚ ਹਰ ਇਕ ਵਿਅਕਤੀ ਦੇ ਆਚਰਣ ਦੀ ਔਸਤ ਨਿਕਲਦੀ ਹੈ। ਜ਼ੰਜੀਰ ਦੀ ਤਾਕਤ ਉਸ ਦੀ ਸਭ ਤੋਂ ਵਧੀਕ ਕਮਜ਼ੋਰ ਕੜੀ ਤੋਂ ਜ਼ਿਆਦਾ ਨਹੀਂ ਹੋ ਸਕਦੀ। ਦੂਜਿਆਂ ਤੇ ਜ਼ੋਰ ਦੇਣ ਦੀ ਥਾਂ ਕਿ ਉਹ ਚੰਗੇ ਹੋਣ, ਕਿਉਂ ਨਾ ਆਪਣੇ ਆਪ ਤੇ ਜ਼ੋਰ ਦੇਵੀਏ ਕਿ ਅਸੀਂ ਚੰਗੇ ਬਣ ਜਾਈਏ। ਜਦੋਂ ਆਪ ਭਲੇ ਬਣ ਜਾਵਾਂਗੇ ਸੰਸਾਰ ਦਾ ਨਕਸ਼ਾ ਹੀ ਬਦਲ ਜਾਵੇਗਾ। ਭਾਈ ਗੁਰਦਾਸ ਜੀ ਦਾ ਕਥਨ ਹੈ :—

> ਆਪ ਭਲਾ ਸਭ ਜਗ ਭਲਾ, ਭਲਾ ਭਲਾ ਕਰ
> ਸਭ ਜਗ ਦੇਖੈ । ਆਪ ਬੁਰਾ ਸਭ ਜਗ ਬੁਰਾ,
> ਸਭ ਕੋਈ ਬੁਰਾ ਬੁਰੇ ਦੇ ਲੇਖੈ।

ਫਿਰ ਇਕ ਉਦਾਹਰਣ ਮਹਾਂਭਾਰਤ ਦੀ ਕਥਾ ਵਿਚੋਂ ਦੇ ਕੇ ਭਾਵ ਸਪੱਸ਼ਟ ਕੀਤਾ ਹੈ । ਯੁਧਿਸ਼ਟਰ ਨੂੰ ਆਖਿਆ ਗਿਆ ਕਿ ਹਸਤਨਾਪੁਰ ਵਿਚੋਂ ਕੋਈ ਬੁਰਾ ਆਦਮੀ ਢੂੰਡ ਕੇ ਲੈ ਆ। ਦੁਰਯੋਧਨ ਨੂੰ ਕਹਿਆ ਗਿਆ ਕੋਈ ਭਲਾ ਆਦਮੀ ਢੂੰਡ ਕੇ ਲੈ ਆ। ਦੋਵੇਂ ਸ਼ਾਮ ਨੂੰ ਖ਼ਾਲੀ ਮੁੜ ਆਏ।

> 'ਬੁਰਾ ਨਾ ਕੋਈ ਜੁਧਿਸ਼ਟਰੈ,
> ਦੁਰਯੋਧਨ ਕੋ ਭਲਾ ਨ ਦੇਖੈ।'

ਕਿਉਂ? ਭਾਈ ਸਾਹਿਬ ਕਹਿੰਦੇ ਹਨ ਜੋ ਕਰਵੇ ਵਿਚ ਹੁੰਦਾ ਹੈ ਟੂਟੀ ਵਿਚੋਂ ਉਹੋ ਬਾਹਰ ਨਿਕਲਦਾ ਹੈ। ਭਾਵ ਸਾਡਾ ਆਪਣਾ ਦ੍ਰਿਸ਼ਟੀਕੋਣ ਹੀ ਸਭ ਨੂੰ ਭਲਾ ਬੁਰਾ ਬਣਾ ਦਿੰਦਾ ਹੈ। ਜੇ ਅਸੀਂ ਸਭ ਦੇ ਔਗਣ ਦੇਖੀਏ ਤਾਂ ਸਭ ਭੈੜੇ ਹੀ ਜਾਪਦੇ ਹਨ। ਜੇ ਗੁਣਾਂ ਵਲ ਨਜ਼ਰ ਮਾਰੀਏ ਤਾਂ ਸਾਰੇ ਭਲੇ।

ਕਿਸੇ ਤੇ ਇਤਬਾਰ ਨਾ ਕਰਨਾ, ਹਰ ਇਕ ਨੂੰ ਸ਼ੱਕ ਦੀ ਨਿਗਾਹ ਨਾਲ ਵੇਖਣਾ, ਚਿੱਤ ਨੂੰ ਅਸ਼ਾਂਤ ਰੱਖਦਾ ਹੈ। ਹੋ ਸਕਦਾ ਹੈ ਕੋਈ ਮਨੁੱਖ ਵਿਸਾਹਘਾਤ ਕਰੇ। ਪਰ ਹਰ ਵੇਲੇ ਸ਼ੱਕ ਅਤੇ ਚਿੰਤਾ ਦਾ ਮਨ ਵਿਚ ਰਹਿਣਾ ਇਹ ਦੁਖਦਾਈ ਹੈ । ਚੋਰ ਤਾਂ ਕਦੀ ਆਵੇਗਾ ਪਰ ਇਸ ਸ਼ੱਕ ਵਿਚ ਕਿ ਮਤਾਂ ਚੋਰ ਆ ਜਾਵੇ, ਰੋਜ਼ ਉਨੀਂਦਾ ਕੱਟਣਾ ਕੋਈ ਸਿਆਣਪ ਦੀ ਗੱਲ ਨਹੀਂ।

ਇਕ ਹੋਰ ਮਾਨਸਿਕ ਵਹਿਣ ਹੈ ਜਿਸ ਵਿਚ ਸਾਡਾ ਬਹੁਤ ਸਾਰਾ ਸਮਾਂ ਅਜਾਈਂ ਜਾਂਦਾ ਹੈ। ਅਸੀਂ ਬਹੁਤਾ ਚਿਰ ਤਾਂ ਬੀਤੇ ਹੋਏ ਸਮੇਂ ਦੀਆਂ ਉਕਾਈਆਂ ਪੁਰ ਅਫ਼ਸੋਸ ਕਰਨ ਵਿਚ ਲੰਘਾ ਦਿੰਦੇ ਹਾਂ, ਜਾਂ ਆਵਣ ਵਾਲੇ ਸਮੇਂ ਲਈ ਬਾਨ੍ਹਣੂ ਬੰਨ੍ਹਣ ਵਿਚ । ਅਮੁਕੇ ਸਮੇਂ ਜੇ ਮੈਂ ਫਲਾਣੀ ਗੱਲ ਐਸ ਤਰ੍ਹਾਂ ਕਰਦਾ ਤਾਂ ਮੈਨੂੰ ਬਹੁਤ ਸਾਰਾ ਲਾਭ ਹੋਣਾ ਸੀ । ਫਲਾਣਾ ਸੌਦਾ ਜੇ ਮੈਂ ਫਲਾਣੇ ਮੌਕੇ ਤੇ ਕਰ ਲੈਂਦਾ ਤਾਂ ਕਿਤਨੀ ਖੱਟੀ ਹੁੰਦੀ! ਇਹ ਮਨ ਦੇ ਲੱਡੂ ਭੋਰਨੇ ਉਕਾ ਹੀ ਨਿਹਫਲ ਹਨ। ਬੀਤਿਆ ਸਮਾਂ ਜਾਂ ਬੀਤ ਚੁਕੇ ਮੌਕੇ ਮੁੜ ਨਹੀਂ ਆ ਸਕਦੇ। ਉਹਨਾਂ ਨੂੰ ਯਾਦ ਕਰਨ ਦਾ ਇਕੋ ਹੀ ਲਾਭ ਹੋ ਸਕਦਾ ਹੈ ਕਿ ਅਸੀਂ ਫਿਰ ਉਹੋ ਜੇਹੀ ਭੁਲ ਨਾ ਕਰੀਏ। ਬੀਤ ਚੁਕੀਆਂ ਉਕਾਈਆਂ ਉਤੇ ਅਫ਼ਸੋਸ ਕਰਨਾ ਉਕਾ ਹੀ ਫ਼ਜ਼ੂਲ ਹੈ।

ਮਨੁੱਖ ਦਾ ਸੁਭਾਅ ਹੈ ਕਿ ਅੱਗੇ ਲਈ ਸੁੱਖ ਦੇ ਬਾਨ੍ਹਣੂ ਬੰਨ੍ਹੇ। ਪਰ ਜੋ ਕੁਝ ਅਗੋਂ ਵਾਪਰਨਾ ਹੈ, ਉਹ ਭਾਵੇਂ ਅਸੀਂ ਕਿਤਨੀਆਂ ਸੋਚਾਂ ਜੋਚੀਏ, ਪੂਰਨ ਤੌਰ ਪੁਰ ਸਾਡੀ ਗਿਆਤ ਵਿਚ ਨਹੀਂ ਆ ਸਕਦਾ। ਗੁਰੂ ਨਾਵੇਂ ਪਾਤਸ਼ਾਹ ਦਾ ਫ਼ੁਰਮਾਨ ਹੈ :—

> ਨਰ ਚਾਹਤ ਕਛੁ ਅਉਰ, ਅਉਰੈ ਕੀ ਅਉਰੈ ਭਈ॥

ਅਸੀਂ ਕੁਝ ਹੋਰ ਸੋਚਦੇ ਹਾਂ, ਹੋ ਕੁਝ ਹੋਰ ਜਾਂਦਾ ਹੈ। ਫਿਰ ਕਰੀਏ ਕੀ? ਇਕ ਗੱਲ ਨਿਸਚਿਤ ਹੈ, ਜੇ ਕਣਕ ਬੀਜਾਂਗੇ ਤਾਂ ਕਣਕ ਉੱਗੇਗੀ, ਜੇ ਜੌਂ ਬੀਜਾਂਗੇ ਤਾਂ ਜੌਂ। ਇਸ ਲਈ ਅਗੋਂ ਚੰਗਾ ਫਲ ਪ੍ਰਾਪਤ ਕਰਨ ਲਈ ਵਰਤਮਾਨ ਵਿਚ ਚੰਗੇ ਬੀਜ ਬੀਜਣੇ ਚਾਹੀਦੇ ਹਨ। ਫਿਰ ਹੋਰ ਸੋਚਾਂ ਸੋਚਣ ਦੀ ਲੋੜ ਨਹੀਂ । ਭਾਈ ਗੁਰਦਾਸ ਜੀ ਕਹਿੰਦੇ ਹਨ :—

> "ਵਰਤਮਾਨ ਵਿਚ ਵਰਤਦਾ
> ਹੋਵਣਹਾਰ ਸੋਈ ਪਰਵਾਨਾ"॥

ਭਾਵ ਸਿਖ ਭੂਤ ਦਾ ਅਫ਼ਸੋਸ ਅਤੇ ਭਵਿਖ ਦੀ

www.AKJ.Org

ਚਿੰਤਾ ਨਹੀਂ ਕਰਦਾ। ਜੋ ਕੁਝ ਹੋ ਸਕਦਾ ਹੈ ਵਰਤਮਾਨ ਵਿਚ ਕਰੀ ਜਾਂਦਾ ਹੈ। ਜੋ ਅੱਗੋਂ ਹੋਵੇਗਾ ਉਹ ਜਿਸ ਵੇਲੇ ਆਵੇਗਾ ਭਾਣਾ ਮੰਨ ਕੇ ਸਹਾਰੇਗਾ । ਉਸਨੂੰ ਇਹ ਨਿਸਚਾ ਹੈ ਕਿ ਭਵਿੱਖ ਦੀ ਚਿੰਤਾ ਕਰਨ ਦੀ ਲੋੜ ਨਹੀਂ, ਜੇ ਹੁਣ ਮੈਂ ਚੰਗੇ ਕਰਮਾਂ ਦਾ ਬੀ ਪਾਵਾਂਗਾ ਤਾਂ ਫਲ ਜ਼ਰੂਰ ਚੰਗਾ ਹੋਵੇਗਾ।

"ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ"॥

ਪਰ ਅਸੀਂ ਭੈੜੇ ਕੰਮ ਕਰ ਕੇ ਉਹਨਾਂ ਦੇ ਫਲ ਤੋਂ ਜਿਵੇਂ ਕਿਵੇਂ ਬਚਣਾ ਚਾਹੁੰਦੇ ਹਾਂ। ਇਹ ਅਸੰਭਵ ਹੈ। ਸਾਨੂੰ ਫਰੀਦ ਜੀ ਦਾ ਉਪਦੇਸ਼ ਭੁਲ ਜਾਂਦਾ ਹੈ ਕਿ :–

"ਫਰੀਦਾ ਲੋੜੈ ਦਾਖ ਬਿਜਉਰੀਆ ਕਿਕਰਿ ਬੀਜੈ
ਜਟੁ ॥ ਹੰਢੈ ਉੰਨ ਕਤਾਇਦਾ ਪੈਧਾ ਲੋੜੈ ਪਟੁ ॥੨੩॥

ਮਨ ਨੂੰ ਸ਼ਾਂਤ ਰੱਖਣ ਲਈ ਨਾਲ ਲਗਦੇ ਹੀ ਇਕ ਹੋਰ ਵਿਚਾਰ ਬਹੁਤ ਲੋੜੀਂਦੀ ਹੈ। ਸੰਸਾਰ ਵਿਚ ਸਾਨੂੰ ਕਈ ਮਨੁੱਖਾਂ ਨਾਲ ਵਾਹ ਪੈਂਦਾ ਹੈ, ਭੈੜਿਆਂ, ਚੰਗਿਆਂ, ਸਭ ਨਾਲ। ਹੁਣ ਜੋ ਸਾਡੇ ਨਾਲ ਭੈੜੀ ਤਰ੍ਹਾਂ ਵਰਤਦੇ ਹਨ, ਸਾਡਾ ਵਰਤਾਵਾ ਉਨ੍ਹਾਂ ਨਾਲ ਕਿਹੋ ਜਿਹਾ ਹੋਵੇ ? ਕੀ ਅਸੀਂ ਬਦਲਾ ਨਾ ਲਈਏ ? ਜੇ ਅਸੀਂ ਅੱਗੋਂ ਚੁਪ ਕਰ ਗਏ ਤਾਂ ਉਹ ਸਦਾ ਹੀ ਸਾਡੇ ਸਿਰ ਚੜ੍ਹੇ ਰਹਿਣਗੇ। ਪਹਿਲਾ ਪ੍ਰਸ਼ਨ ਇਹ ਹੈ ਕਿ ਕੀ ਸਾਡੇ ਵਿਚ ਸਭ ਤੋਂ ਬਦਲੇ ਲੈਣ ਦੀ ਸਮਰਥਾ ਹੈ ? ਸਾਥੋਂ ਹੀਣੇ ਤਾਂ ਘੱਟ ਹੀ ਸਾਡੇ ਨਾਲ ਭੈੜਾ ਸਲੂਕ ਕਰਦੇ ਹਨ। ਜ਼ੋਰਾਵਰ ਹੀ ਆਪ ਤੋਂ ਹੀਣਿਆਂ ਦੀ ਪੱਤ ਲਾਹੁੰਦੇ ਹਨ। ਹੁਣ ਜ਼ੋਰਾਵਰ ਤੋਂ ਬਦਲਾ ਲੈਣਾ ਸੌਖਾ ਨਹੀਂ। ਸਾਨੂੰ ਕਈ ਹੋਰਨਾਂ ਦੀਆਂ ਮਿੰਨਤਾਂ ਕਰ ਕੇ ਉਨ੍ਹਾਂ ਨੂੰ ਆਪਣੇ ਨਾਲ ਰਲਾਣਾ ਪਏਗਾ । ਜੇ ਉਨ੍ਹਾਂ ਬਦਲਾ ਲੈਣ ਵਿਚ ਸਾਡੀ ਸਹਾਇਤਾ ਕੀਤੀ ਤਾਂ ਮੌਕਾ ਬਣੇ ਤੇ ਸਾਨੂੰ ਉਹਨਾਂ ਦੀ ਸਹਾਇਤਾ ਕਰਨੀ ਪਵੇਗੀ। ਪਰ ਬਦਲਾ ਲੈਣ ਤੇ ਕੋਈ ਇਹ ਸਿਲਸਿਲਾ ਮੁੱਕ ਨਹੀਂ ਜਾਣਾ । ਸਾਡਾ ਵਿਰੋਧੀ ਹੋਰ ਭੜਕੇਗਾ ਅਤੇ ਉਹ ਵੀ ਵਾਰੀ ਲਾਹੁਣ ਦਾ ਜਤਨ ਕਰੇਗਾ । ਇਹ ਕੜੀ ਲੰਮੀ ਹੁੰਦੀ ਹੁੰਦੀ ਪਤਾ ਨਹੀਂ ਕਿਥੇ ਜਾ ਕੇ ਮੁਕੇਗੀ ਅਤੇ ਅਸੀਂ ਸਾਰੀ ਆਯੂ ਦਾ ਬਖੇੜਾ ਸਹੇੜ ਲਵਾਂਗੇ ਅਤੇ ਆਪਣੇ ਪੁਤ੍ਰਾਂ, ਪੋਤ੍ਰਿਆਂ ਲਈ ਵੀ ਇਕ ਦੁਖ ਦਾ ਕਾਰਨ ਛਡ ਜਾਵਾਂਗੇ। ਪਰ ਜੇ ਖਿਮਾ ਤੋਂ ਕੰਮ ਲਈਏ ਤਾਂ ਸਾਡੇ ਅੰਦਰ ਬਦਲੇ ਦੀ ਅੱਗ ਬਲਣੀ ਬੰਦ ਹੋ ਜਾਏਗੀ । ਖਿਮਾ ਕਾਇਰਤਾ ਦਾ ਨਾਮ ਨਹੀਂ । ਕਾਇਰ ਮਨ ਵਿਚ ਖਿਝਦਾ ਅਤੇ ਬਦਲਾ ਲੈਣ ਦੀਆਂ ਬਣਤਰਾਂ ਬਣਾਂਦਾ ਰਹਿੰਦਾ ਹੈ। ਪਰ ਖਿਮਾ ਇਸ ਅੱਗ ਨੂੰ ਸ਼ਾਂਤ ਕਰ ਦਿੰਦੀ ਹੈ ਅਤੇ ਬਦਲਿਆਂ ਦੀ ਕੜੀ, ਜੋ ਖ਼ਬਰੇ ਕਿਤਨੀ ਲੰਮੀ ਹੋ ਜਾਣੀ ਸੀ, ਇਥੇ ਹੀ ਟੁਟ ਜਾਂਦੀ ਹੈ । ਨਿਰਾ ਖਿਮਾ ਹੀ ਨਹੀਂ, ਖ਼ੋਰ ਨੂੰ ਵੀ ਮਨੋਂ ਕੱਢ ਦਿਓ । ਨਹੀਂ ਤਾਂ ਜਦ ਤੀਕ ਉਸ ਭੈੜੇ ਸਲੂਕ ਦੀ ਯਾਦ ਮਨ ਵਿਚ ਰਹੇਗੀ ਤੁਸੀਂ ਕੁੜ੍ਹਦੇ ਰਹੋਗੇ। ਇਸ ਲਈ 'ਖਿਮਾ ਕਰੋ ਤੇ ਭੁੱਲ ਜਾਓ' ਦੇ ਅਸੂਲ ਨੂੰ ਵਰਤਣਾ ਦੂਜੇ ਤੇ ਅਹਿਸਾਨ ਨਹੀਂ । ਇਹ ਤਾਂ ਆਪਣੇ ਮਨੋਂ ਸਾੜੇ ਤੇ ਖੇਝੇ ਦੀ ਅੱਗ ਨੂੰ ਬਾਹਰ ਕਢਣ ਦਾ ਇਕ ਉਪਾਅ ਹੈ। ਇਹ ਡਰ ਕਿ ਫਿਰ ਭੈੜੇ ਮਨੁੱਖ ਸਾਨੂੰ ਘੜੀ ਮੁੜੀ ਤੰਗ ਕਰਨਗੇ, ਨਿਰਮੂਲ ਹੈ। ਤੁਸਾਂ ਬਦਲਾ ਨਹੀਂ ਲਿਆ; ਖਿਮਾ ਤੋਂ ਕੰਮ ਲਿਆ ਹੈ। ਇਹ ਅਗਲੇ ਦੇ ਮਨ ਤੇ ਵੀ ਪ੍ਰਭਾਵ ਪਾਏਗਾ । ਵੀਹ ਵਿਸਵੇ ਉਹ ਫਿਰ ਅਜਿਹਾ ਕੰਮ ਨਹੀਂ ਕਰੇਗਾ। ਇਹ ਪਰਤੱਖ ਕੇ ਵੇਖਣ ਵਾਲੀ ਸਚਾਈ ਹੈ। ਉਕਤੀ ਯੁਕਤੀ ਨਾਲ ਇਸ ਦੀ ਸਮਝ ਆਉਣੀ ਔਖੀ ਹੈ।

ਸ਼ਖ਼ਸੀ ਜੀਵਨ ਨੂੰ ਸੁਖ ਨਾਲ ਬਿਤਾਣ ਲਈ ਤਾਂ ਜੋ ਕੁਝ ਉਪਰ ਲਿਖਿਆ ਜਾ ਚੁਕਿਆ ਹੈ, ਉਹ ਕਾਫ਼ੀ ਹੈ। ਪਰ ਕਈ ਵੇਰ ਸਾਡਾ ਚਿਤ ਕਰਦਾ ਹੈ ਕਿ ਅਸੀਂ ਪੰਥ, ਦੇਸ਼ ਜਾਂ ਮਨੁੱਖ ਮਾਤਰ ਦੀ ਸੇਵਾ ਕਰੀਏ। ਮਨੁੱਖੀ ਮਨ ਇਕ ਵੱਡਾ ਬਹੁਰੂਪੀਆ ਹੈ । ਇਸ ਦੀ ਹੇਠਲੀ ਤਹਿ ਵਿਚ ਕੁਝ ਹੋਰ ਭਾਵ ਹੁੰਦਾ ਹੈ ਅਤੇ ਬਾਹਰੋਂ ਕੁਝ ਹੋਰ ਸਵਾਂਗ ਧਾਰ ਲੈਂਦਾ ਹੈ। ਦੂਜਿਆਂ ਦੀ ਸੇਵਾ ਵਿਚ ਲਗਣਾ ਕੋਈ ਸੌਖਾ ਕੰਮ ਨਹੀਂ । ਇਹ ਅਤੀ ਕਠਿਨ ਕੰਮ ਹੈ। ਗੁਰੂ ਨਾਨਕ ਦੇਵ ਜੀ ਨੇ ਇਸ ਦੀ ਸੁੰਦਰ ਵਿਆਖਿਆ ਕੀਤੀ ਹੈ :–

ਸੇਵ ਕੀਤੀ ਸੰਤੋਖੀਈਂ ਜਿਨ੍ਹੀ ਸਚੋ ਸਚੁ
ਧਿਆਇਆ ॥ ਓਨ੍ਹੀ ਮੰਦੈ ਪੈਰੁ ਨ ਰਖਿਓ ਕਰਿ
ਸੁਕ੍ਰਿਤੁ ਧਰਮੁ ਕਮਾਇਆ ॥ ਓਨ੍ਹੀ ਦੁਨੀਆ
ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ ॥ ਤੂੰ
ਬਖਸੀਸੀ ਅਗਲਾ ਨਿਤ ਦੇਵਹਿ ਚੜਹਿ
ਸਵਾਇਆ ॥ ਵਡਿਆਈ ਵਡਾ ਪਾਇਆ ॥੭॥

[ਆਸਾ ਦੀ ਵਾਰ

ਪਹਿਲਾਂ ਇਸ ਗੱਲ ਦਾ ਨਿਰਣਾ ਕਰਨਾ ਹੈ ਕਿ ਸਚਮੁਚ ਸਾਡੀ ਚਾਹ ਸੇਵਾ ਦੀ ਹੈ, ਜਾਂ ਸੇਵਾ ਦਾ ਪੱਜ

www.AKJ.Org

ਲਾ ਕੇ ਆਪਣਾ ਪ੍ਰਯੋਜਨ ਸਿੱਧਾ ਕਰਨ ਦੀ । ਗੁਰੂ ਜੀ ਲਿਖਦੇ ਹਨ ਕਿ ਸੇਵਾ ਨਿਰਾ ਸੰਤੋਖੀ ਪੁਰਸ਼ ਹੀ ਕਰ ਸਕਦੇ ਹਨ । ਭਾਵ ਜਿਨ੍ਹਾਂ ਆਪਣੀ ਵਡਿਆਈ ਦੀ ਚਾਹ ਨੂੰ ਡੱਕਾ ਦੇ ਦਿੱਤਾ ਹੈ, ਉਹ ਫਿਰ ਸਕੱਤ੍ਰ ਜਾਂ ਪਰਧਾਨ ਬਨਣ ਦੀ ਚਾਹ ਨਹੀਂ ਰਖਦੇ। ਦੂਜੀ ਸਿਫਤ ਉਨ੍ਹਾਂ ਦੀ ਇਹ ਹੈ ਕਿ ਉਨ੍ਹਾਂ ਕੇਵਲ ਸੱਚ ਦਾ ਆਸਰਾ ਲਿਆ ਹੈ। ਕਈ ਵਾਰੀ ਵੇਖਿਆ ਗਿਆ ਹੈ ਕਿ ਸੇਵਾ ਦਾ ਚਾਅ ਦੱਸ ਕੇ ਕੁਝ ਲੋਕ ਇਕ ਜਥਾ ਬਣਾਂਦੇ ਹਨ। ਫਿਰ ਆਪਸ ਵਿਚ ਅਹੁਦਿਆਂ ਲਈ ਝਗੜ ਪੈਂਦੇ ਹਨ। ਆਪਣਾ ਪ੍ਰਯੋਜਨ ਸਿੱਧ ਕਰਨ ਲਈ ਦੂਜਿਆਂ ਉਤੇ ਝੂਠੀਆਂ ਊਜਾਂ ਲਾਂਦੇ ਹਨ। ਉਹ ਅਸਲੀ ਸੇਵਕ ਨਹੀਂ, ਉਹ ਸਵਾਂਗੀ ਹਨ । ਅਸਲੀ ਸੇਵਕ ਸਚ ਨੂੰ ਸਦਾ ਧਿਆਨ ਵਿਚ ਰਖਦਾ ਹੈ। ਉਹ ਭੈੜੇ ਪਾਸੇ ਕਦਮ ਨਹੀਂ ਚੁਕਦਾ। ਉਸ ਦਾ ਆਚਰਣ ਸਵੱਛ ਹੈ। ਸਦਾ ਦੂਜਿਆਂ ਦਾ ਭਲਾ ਕਰ ਕੇ ਧਰਮ ਕਮਾਉਣਾ ਹੀ ਉਸ ਦਾ ਆਦਰਸ਼ ਹੈ। ਆਮ ਤੌਰ ਪੁਰ ਮਨੁੱਖ ਰੀਸੋ ਰੀਸੀ ਕਈ ਕੰਮ ਕਰਦ ਹੈ ਤਾਂ ਜੁ ਭਾਈਚਾਰੇ ਵਿਚ ਉਹ ਆਗੂਆਂ ਵਿਚ ਗਿਣਿਆ ਜਾਏ। ਪਰ ਅਸਲੀ ਸੇਵਕ ਇਨ੍ਹਾਂ ਦੁਨਿਆਵੀ ਬੰਧਨਾਂ ਨੂੰ ਤੋੜ ਸੁਟਦਾ ਹੈ । ਉਸ ਨੇ ਸੰਤੋਖ ਧਾਰ ਲਿਆ ਹੈ। ਉਹ ਸਾਦਾ ਜੀਵਨ ਬਸਰ ਕਰਦਾ ਹੈ। ਖਾਣ ਪੀਣ ਦੇ ਚਸਕੇ ਉਸ ਨੂੰ ਨਹੀਂ ਲੁਭਾਉਂਦੇ । ਅਜਿਹੇ ਸੇਵਕ ਉੱਪਰ ਨਿਰੰਕਾਰ ਬਖ਼ਸ਼ਸ਼ ਦੀ ਨਜ਼ਰ ਕਰਦਾ ਹੈ। ਉਸ ਨੂੰ ਹੋਰ ਸੇਵਾ ਮਿਲਦੀ ਹੈ ਤੇ ਉਹ ਹੋਰ ਹੋਰ ਲੋਕਾਂ ਵਿਚ ਜਸ ਖੱਟਦਾ ਹੈ, ਪਰ ਆਪ ਉਹ ਇਹ ਸਮਝਦਾ ਹੈ ਕਿ ਹੇ ਨਿਰੰਕਾਰ, ਇਹ ਸਭ ਤੇਰੀ ਵਡਿਆਈ ਹੈ ਨਹੀਂ ਤਾਂ ਮੈਂ ਨੀਚ ਕੌਣ ਹਾਂ। ਇਸ ਪਰਕਾਰ ਸੇਵਾ ਕਰਦਾ ਹੋਇਆ ਉਹ ਅੰਤ ਨਿਰੰਕਾਰ ਨੂੰ ਜਾ ਮਿਲਦਾ ਹੈ । ਪਰ ਅਸੀਂ ਇਹਨਾਂ ਅਸੂਲਾਂ ਨੂੰ ਨਹੀਂ ਅਪਣਾਉਂਦੇ । ਸੇਵਾ ਤੋਂ ਸੁਖ ਮਿਲਦਾ ਹੈ, ਪਰ ਅਸੀਂ ਸੇਵਾ ਕਰਦੇ ਹੋਏ ਲੋਕਾਂ ਨਾਲ ਵੈਰ ਵਿਰੋਧ ਵਧਾ ਲੈਂਦੇ ਹਾਂ ਅਤੇ ਸੁਖ ਦੀ ਥਾਂ ਦੁਖ ਪ੍ਰਾਪਤ ਕਰਦੇ ਹਾਂ । ਪਹਿਲਾ ਨਿਯਮ ਤਾਂ ਇਹ ਹੈ ਕਿ ਸੇਵਾ ਦਾ ਭਾਰ ਆਪਣੇ ਸਿਰ ਤੇ ਲੈਣ ਤੋਂ ਪਹਿਲਾਂ ਮਨੁੱਖ ਆਪਣਾ ਆਚਰਣ ਅਜਿਹਾ ਬਣਾਵੇ ਅਤੇ ਉਹ ਲੋਕਾਂ ਨੂੰ ਕੰਡੇ ਵਾਙ ਨਾ ਚੁਭੇ। ਸੇਵਾ ਦਾ ਭਾਵ ਕੁਰਬਾਨੀ ਹੈ ਅਪਣੇ ਧਨ ਦੀ, ਆਪਣੇ ਮਨ ਦੀ ਅਤੇ ਆਪਣੇ ਤਨ ਦੀ। ਜੇ ਇਸ ਕੁਰਬਾਨੀ ਦਾ ਲਾਭ ਕੁਝ ਮਨ ਵਿਚ ਮਿਥਿਆ ਹੋਇਆ ਹੈ ਤਾਂ ਇਹ ਸੇਵਾ ਨਹੀਂ। ਇਹ ਉਸ ਲਾਭ ਲਈ ਇਕ ਰਾਸ ਲਾਉਣਾ ਹੈ। ਫ਼ੁਰਮਾਨ ਹੈ—

"ਸੇਵਾ ਕਰਤ ਹੋਇ ਨਿਹਕਾਮੀ"

ਸੇਵਾ, ਬਿਨਾ ਕਿਸੇ ਲਾਭ ਦੀ ਇੱਛਿਆ ਦੇ ਕਰੇ ਉਸ ਨੂੰ ਦੁਨਿਆਵੀ ਲਾਭ ਭਾਵੇਂ ਮਿਲੇ ਨਾ ਮਿਲੇ, ਨਿਰੰਕਾਰ ਦੀ ਪ੍ਰਾਪਤੀ ਹੋ ਜਾਂਦੀ ਹੈ।

ਗ੍ਰਿਹਸਥ ਵਿਚ ਰਹਿੰਦੇ ਹੋਏ ਸੇਵਾ ਹੀ ਇਕ ਵਸੀਲਾ ਹੈ ਜੋ ਹਉਮੈ ਨਾਸ ਕਰਦਾ ਹੈ। ਪਰ ਜੇ ਸੇਵਾ ਕਰਦਿਆਂ ਅਹੰਕਾਰ ਹੋਰ ਵਧੇ ਤਾਂ ਸਮਝੋ ਅਸੀਂ ਸੇਵਾ ਨਹੀਂ ਕਰ ਰਹੇ । ਅਸੀਂ ਇਕ ਅਪੁੱਠੇ ਪਾਸੇ ਪੈ ਗਏ ਹਾਂ। ਸੇਵਾ ਸ਼ਖ਼ਸੀ ਲਾਭ ਲਈ ਕੰਮ ਕਰਨ ਤੋਂ ਇਕ ਉਚੇਰਾ ਕਦਮ ਹੈ, ਜਿਥੇ ਫਲ ਦੀ ਕੋਈ ਆਸ ਨਹੀਂ । ਜੇ ਇਸ ਪਰਕਾਰ ਸੇਵਾ ਕਰ ਸਕਦੇ ਹੋ ਤਾਂ ਅੱਗੇ ਆਓ, ਪੰਥ ਅਤੇ ਦੇਸ਼ ਨੂੰ ਸੇਵਕਾਂ ਦੀ ਬੜੀ ਲੋੜ ਹੈ, ਪਰ ਜੇ ਅਜੇ ਅਪਣੱਤ ਦੀ ਕੁਰਬਾਨੀ ਨਹੀਂ ਕਰ ਸਕਦੇ ਤਾਂ ਸੇਵਾ ਦਾ ਸਵਾਂਗ ਧਾਰ ਕੇ ਨਾ ਆਪਣੇ ਦੁਖ ਵਧਾਓ, ਨਾ ਦੂਜਿਆਂ ਨੂੰ ਦੁਖੀ ਕਰੋ।

ਸੇਵਾ ਜੇ ਆਪਣੇ ਹਮਖ਼ਿਆਲਾਂ ਨਾਲ ਰਲ ਕੇ ਕੀਤੀ ਜਾਵੇ ਤਾਂ ਚਾਉ ਵੀ ਕਾਇਮ ਰਹਿੰਦਾ ਹੈ ਅਤੇ ਫਲ ਵੀ ਵਧੀਕ ਹੁੰਦਾ ਹੈ । ਇਕ ਇਕ, ਤੇ ਦੋ ਯਾਰ੍ਹਾਂ। ਯੂਰਪ ਦੀ ਰੀਸੋ ਰੀਸੀ ਅਸਾਂ ਡੈਮੋਕ੍ਰੈਟਿਕ ਤਰੀਕਾ ਅਪਣਾਇਆ ਹੈ, ਪਰ ਇਹ ਤਰੀਕਾ ਉਹੋ ਮਨੁੱਖ ਸਫਲ ਕਰ ਸਕਦੇ ਹਨ ਜਿਨ੍ਹਾਂ ਦੇ ਸੁਭਾਵ ਵਿਚ ਕੁਝ ਖ਼ਾਸ ਗੁਣ ਹੋਣ। ਦੂਜੇ ਦੀ ਰਾਇ ਨੂੰ ਉਤਨਾ ਹੀ ਵਜ਼ਨ ਦੇਣਾ ਜਿਤਨਾ ਆਪਣੀ ਨੂੰ, ਅਤੇ ਬਿਨਾਂ ਵਿਚਾਰ ਅਤੇ ਪ੍ਰੇਰਨਾ ਦੇ ਹੋਰ ਕੋਈ ਹਥਿਆਰ ਆਪਣੀ ਰਾਇ ਦੂਜਿਆਂ ਨੂੰ ਮਨਾਉਣ ਲਈ ਨਾ ਵਰਤਣਾ। ਅਸੀਂ ਝਟ ਜੋ ਸਾਡੇ ਹਮਖ਼ਿਆਲ ਨਾ ਹੋਣ, ਉਨ੍ਹਾਂ ਨਾਲ ਰੁੱਸ ਕੇ ਉਨ੍ਹਾਂ ਨੂੰ ਊਜਾਂ ਲਾਉਣ ਲਗ ਪੈਂਦੇ ਹਾਂ। ਇਹ ਤਰੀਕਾ ਠੀਕ ਨਹੀਂ । ਵਿਚਾਰ ਅਤੇ ਪ੍ਰੇਰਨਾ ਦੁਆਰਾ ਆਪਣੀ ਗੱਲ ਮਨਾਓ। ਨਾ ਮੰਨੀ ਜਾਏ ਤਾਂ ਜਤਨ ਕਰੀ ਚਲੋ ਕਿ ਤੁਸਾਡੇ ਹਮਖ਼ਿਆਲ ਵਧਣ, ਪਰ ਹੋਛੇ ਹਥਿਆਰਾਂ ਤੇ ਨਾ ਉੱਤਰੋ। ਦੇਸ਼ ਜਾਂ ਪੰਥ ਖ਼ਾਤਰ ਕੰਮ ਕਰਦੇ ਹੋਏ ਜ਼ਾਤੀਆਤ ਤੇ ਕਦੀ ਨਾ ਆਓ। ਅਸੂਲਾਂ ਤੇ ਖੜੋ ਕੇ ਨੁਕਤਾਚੀਨੀ ਕਰੋ, ਫਿਰ ਭਾਵੇਂ ਕੋਈ ਤੁਸਾਡੀ ਰਾਇ ਮੰਨੇ, ਨਾ ਮੰਨੇ, ਤੁਸੀਂ ਸੁਖੀ ਜੀਵਨ ਬਿਤਾਓਗੇ।



www.AKJ.Org

# ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ (ਜ਼ਰੂਰੀ ਸੂਚਨਾਵਾਂ)

[ਵਲੋਂ—ਗਿਆਨੀ ਹਰਬੰਸ ਸਿੰਘ ਜੀ, ਚੰਡੀਗੜ੍ਹ]

## ੧. ਪ੍ਰਕਾਸ਼ ਅਸਥਾਨ

(ੳ) ਗੁਰਬਾਣੀ ਦਾ ਪਵਿੱਤਰ ਉਪਦੇਸ਼ ਹੈ :—

ਜਿਥੈ ਜਾਇ ਬਹੈ ਮੇਰਾ ਸਤਿਗੁਰੁ,
ਸੋ ਥਾਨੁ ਸੁਹਾਵਾ ਰਾਮ ਰਾਜੇ ॥.........

ਸਾ ਧਰਤਿ ਭਈ ਹਰਿਆਵਲੀ
ਜਿਥੈ ਮੇਰਾ ਸਤਿਗੁਰ ਬੈਠਾ ਆਇ ॥
ਸੇ ਜੰਤ ਭਏ ਹਰੀਆਵਲੇ,
ਜਿਨੀ ਮੇਰਾ ਸਤਿਗੁਰੁ ਦੇਖਿਆ ਜਾਇ ॥.........

ਅਤੇ—

ਊਚੇ ਤੇ ਊਚਾ ਦਰਬਾਰਾ ॥
ਕਹਣੁ ਨ ਜਾਈ ਅੰਤੁ ਨ ਪਾਰਾ ॥
ਗਹਿਰ ਗੰਭੀਰ ਅਥਾਹ ਸੁਆਮੀ,
ਅਤੁਲੁ ਨ ਜਾਈ ਕਿਆ ਮਿਨਾ ॥.........

ਇਨ੍ਹਾਂ ਵਾਕਾਂ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਲਈ ਉਚੇ ਤੋਂ ਉਚਾ ਅਤੇ ਸੁੰਦਰ ਤੋਂ ਸੁੰਦਰ ਅਸਥਾਨ ਹੋਣਾ ਚਾਹੀਦਾ ਹੈ।

(ਅ) ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਗੁਰ-ਅਸਥਾਨਾਂ ਤੋਂ ਇਲਾਵਾ ਘਰਾਂ ਅਤੇ ਬਾਹਰ ਖੁੱਲ੍ਹੇ ਪੰਡਾਲਾਂ ਵਿੱਚ ਵੀ, ਜਿਥੇ ਗੁਰਮਤਿ ਸਮਾਗਮ ਦੀਵਾਨ ਹੋਣ, ਕਰਨਾ ਜ਼ਰੂਰੀ ਹੈ। ਗੁਰ ਸਤਿਕਾਰ ਨੂੰ ਮੁਖ ਰਖਦੇ ਹੋਏ ਇਸ ਗੱਲ ਦਾ ਵਿਸ਼ੇਸ਼ ਧਿਆਨ ਰਖਣਾ ਚਾਹੀਦਾ ਹੈ ਕਿ ਉਹ ਅਸਥਾਨ ਗੁਰੂ ਬਾਬਾ ਜੀ ਦੀ ਸ਼ਾਨ ਸ਼ਾਇਆਂ ਹੋਵੇ। ਅਜਿਹੇ ਅਸਥਾਨਾਂ ਤੇ ਗੁਲਾਬ, ਕਿਉੜਾ ਆਦਿ ਸੁਗੰਧੀਆਂ ਦਾ ਛਿੜਕਾਉ ਕੀਤਾ ਜਾਏ ਤਾਂ ਹੋਰ ਵੀ ਚੰਗਾ ਹੈ। ਬਜ਼ਾਰਾਂ ਵਿਚ, ਗੰਦੇ ਪਲਾਟਾਂ ਵਿਚ ਤੇ ਕੁਹਝੀਆਂ ਥਾਵਾਂ ਤੇ ਪ੍ਰਕਾਸ਼ ਕਰਨਾ ਸਖ਼ਤ ਬੇਅਦਬੀ ਹੈ।

(ੲ) "ਘਰੁ ਘਰੁ ਅੰਦਰ ਧਰਮਸਾਲ ਹੋਵੈ ਕੀਰਤਨ ਸਦਾ ਵਿਸੋਆ" ਅਨੁਸਾਰ ਹਰ ਹਿਰਦੇ ਤੇ ਘਰਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਜਾਣਾ ਚੰਗਾ ਹੈ, ਪਰ ਆਮ ਵੇਖਣ ਵਿਚ ਇਹ ਆਉਂਦਾ ਹੈ ਕਿ ਘਰਾਂ ਵਿਚ ਗੁਰੂ ਬਾਬਾ ਜੀ ਵਾਸਤੇ ਚੁਣੀ ਗਈ ਥਾਂ ਛੋਟੀ ਤੋਂ ਛੋਟੀ ਹੁੰਦੀ ਹੈ, ਜਾਂ ਇਕੋ ਕਮਰੇ ਵਿਚ ਪਰਦਾ ਲਾ ਕੇ ਤਖ਼ਤਪੋਸ਼ ਉਤੇ, ਇਥੋਂ ਤਕ ਕਿ ਬਿਸਤਰਿਆਂ ਵਾਲੇ ਵੱਡੇ ਸੰਦੂਕ ਉਤੇ ਹੀ ਪਲੰਘ ਰੱਖ ਕੇ ਪ੍ਰਕਾਸ਼ ਕਰ ਲਿਆ ਜਾਂਦਾ ਹੈ। ਇਸ ਪ੍ਰਕਾਰ ਦੀ ਕ੍ਰਿਆ ਗੁਰੂ ਸਾਹਿਬ ਦੇ ਸਤਿਕਾਰ ਦੀ ਪ੍ਰਤੀਕ ਨਹੀਂ ਅਤੇ ਇਸ ਵਿਚੋਂ ਗੁਰੂ ਸਾਹਿਬ ਪ੍ਰਤੀ ਪ੍ਰੀਤਿ ਅਤੇ ਪਰਤੀਤ ਦੀ ਘਾਟ ਨਜ਼ਰ ਆਉਂਦੀ ਹੈ। ਸੋ ਜਿਹੜੇ ਵੀਰ ਗੁਰੂ ਬਾਬਾ ਜੀ ਨੂੰ ਆਪਣੇ ਘਰ ਵਿਚ ਪ੍ਰਕਾਸ਼ ਕਰਨ ਦਾ ਚਾਉ ਰਖਦੇ ਹੋਣ, ਉਨ੍ਹਾਂ ਨੂੰ ਚਾਹੀਦਾ ਹੈ ਕਿ ਗੁਰੂ ਬਾਬਾ ਜੀ ਲਈ ਚੰਗੇ ਤੋਂ ਚੰਗਾ ਕਮਰਾ ਨੀਯਤ ਕਰਨ। ਜਿਹੜੇ ਵੀਰ ਕੇਵਲ ਗੁਰਦਵਾਰੇ ਜਾਣ ਵਿਚ ਔਖ ਮਹਿਸੂਸ ਕਰਨ ਅਤੇ ਸਮੇਂ ਦੀ ਬੱਚਤ ਨੂੰ ਮੁਖ ਰਖਦੇ ਹੋਏ ਗੁਰੂ ਸਾਹਿਬ ਦਾ ਪ੍ਰਕਾਸ਼ ਘਰਾਂ ਵਿਚ ਕਰਦੇ ਹਨ, ਉਨ੍ਹਾਂ ਦਾ ਅਜਿਹਾ ਕਰਨਾ ਗੁਰਮਤਿ ਵਿਚਾਰਧਾਰਾ ਦੇ ਅਨੁਕੂਲ ਨਹੀਂ ਜਾਪਦਾ, ਕਿਉਂਕਿ :—

ਸਾਧ ਸੰਗਤ ਅਸਥਾਨ ਜਗਮਗ ਨੂਰ ਹੈ ॥
ਲਖ ਲਖ ਸਸੀਅਰ ਭਾਨ ਕਿਰਨ ਠਰੂਰ ਹੈ ॥
(ਭਾ: ਗੁਰਦਾਸ ਵਾਰ ੩-੧੦)

ਸਤਿਸੰਗਤ ਵਿਚ ਜਾਣਾ ਅਤਿ ਜ਼ਰੂਰੀ ਹੈ।

(ਸ) ਗੁਰੂ ਮਹਾਰਾਜ ਦੇ ਪ੍ਰਕਾਸ਼ ਵਾਲੀ ਥਾਂ ਤੇ ਨਿਜੀ ਰਿਹਾਇਸ਼ ਹੋਣੀ ਠੀਕ ਨਹੀਂ। ਇਸੇ ਪ੍ਰਕਾਰ ਉਥੇ ਘਰੋਗੀ ਜਾਂ ਹੋਰ ਬੇਲੋੜਾ ਸਾਮਾਨ ਰੱਖ ਛੱਡਣਾ ਵੀ ਸ਼ੋਭਾ ਨਹੀਂ ਦੇਂਦਾ।

(ਹ) ਗੁਰੂ ਮਹਾਰਾਜ ਦੇ ਕਮਰੇ ਉਪਰ ਹੋਰ ਰਿਹਾਇਸ਼ੀ ਕਮਰਾ ਬਣਾਉਣ ਤੋਂ ਸੰਕੋਚ ਕਰਨਾ ਚਾਹੀਦਾ ਹੈ।

(ਕ) ਗੁਰੂ ਮਹਾਰਾਜ ਦੇ ਪ੍ਰਕਾਸ਼-ਅਸਥਾਨ 'ਤੇ, ਗੁਰੂ ਸਾਹਿਬ ਦੇ ਅੱਗੇ ਜਾਂ ਦੀਵਾਰਾਂ ਉਤੇ, ਕਿਸੇ ਪ੍ਰਕਾਰ ਦੀਆਂ ਮਨੁੱਖੀ ਜਾਂ ਗੁਰ-ਤਸਵੀਰਾਂ ਰੱਖਣੀਆਂ ਮਨਮਤਿ


www.AKJ.Org

ਹੈ । ਇਨ੍ਹਾਂ ਕਾਗਜ਼ੀ ਚਿਤਰਾਂ ਨਾਲ ਗੁਰੂ-ਜੋਤਿ ਦਾ ਮੁਕਾਬਲਾ ਕਰਨਾ ਵੱਡੀ ਭੁੱਲ ਹੈ। ਇਨ੍ਹਾਂ ਚਿਤਰਾਂ ਦੀ ਬਜਾਇ ਗੁਰਬਾਣੀ ਦੀਆਂ ਸਿਖਿਆਦਾਇਕ ਅਤੇ ਆਦਰਸ਼ਕ ਪੰਗਤੀਆਂ ਦੇ ਕਿੱਤੇ ਲਾਉਣੇ ਯੋਗ ਅਤੇ ਲਾਭਦਾਇਕ ਹਨ, ਕਿਉਂਕਿ ਉਹ ਮਨੁੱਖੀ ਜੀਵਨ ਵਿਚ ਪਲਟਾ ਲਿਆਉਣ ਲਈ ਸਹਾਇਕ ਹੋ ਸਕਦੇ ਹਨ ਅਤੇ ਉਨ੍ਹਾਂ ਦੀ ਪਰਦਰਸ਼ਨੀ ਦਾ ਪ੍ਰਭਾਵ ਵੀ ਹਰ ਇਕ ਆਏ ਦਰਸ਼ਕ ਤੇ ਪੈ ਸਕਦਾ ਹੈ।

## ੨. ਸਮਾਂ

(ੳ) ਭਾਈ ਸਾਹਿਬ ਗੁਰਦਾਸ ਜੀ ਦਾ ਕਥਨ ਹੈ :—

ਸਿਫਤਿ ਸਲਾਹਣ ਅੰਮ੍ਰਿਤੁ ਵੇਲਾ ।
ਅਥਵਾ—ਆਦਿ ਪੁਰਖ ਆਦੇਸ ਕਰ,
ਅੰਮ੍ਰਿਤੁ ਵੇਲਾ ਸ਼ਬਦ ਆਹਾਰੀ ॥
(ਵਾਰ ੧੧-੨)

ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਅੰਮ੍ਰਿਤ ਵੇਲੇ ਹੋਣਾ ਚਾਹੀਦਾ ਹੈ। ਇਸ ਲਈ ਚਾਹੇ ਗੁਰ-ਅਸਥਾਨ (ਗੁਰਦਵਾਰਾ) ਹੋਵੇ ਜਾਂ ਘਰ ਹੋਵੇ, ਹਰ ਇਕ ਨੂੰ ਅੰਮ੍ਰਿਤ ਵੇਲੇ ਗੁਰੂ ਸਾਹਿਬ ਦੇ ਪ੍ਰਕਾਸ਼ ਕਰਨ ਦੇ ਨਿਯਮ ਦੀ ਪਾਲਣਾ ਕਰਨੀ ਚਾਹੀਦੀ ਹੈ। ਜੇ ਇਸ ਤਰ੍ਹਾਂ ਨਹੀਂ ਕੀਤਾ ਜਾਂਦਾ ਤਾਂ ਘਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਪਾਵਨ ਬੀੜ ਰੱਖਣ ਦਾ ਕੋਈ ਪ੍ਰਯੋਜਨ ਨਜ਼ਰ ਨਹੀਂ ਆਉਂਦਾ। ਗੁਰੂ ਸਾਹਿਬ ਅੰਮ੍ਰਿਤ ਵੇਲੇ ਦੇ ਆਹਾਰੀ ਹਨ। ਇਸ ਲਈ ਗੁਰਸਿਖ ਨੂੰ ਵੀ "ਉਦਮੁ ਕਰੇ ਭਲਕੇ ਪਰਭਾਤੀ, ਇਸਨਾਨੁ ਕਰੇ ਅੰਮ੍ਰਿਤਸਰਿ ਨਾਵੈ" ਦੇ ਨਿਯਮ ਦੀ ਪਾਲਣਾ ਕਰਨੀ ਚਾਹੀਦੀ ਹੈ।

(ਅ) ਕਈ ਗੁਰ-ਅਸਥਾਨਾਂ ਅਤੇ ਘਰਾਂ ਵਿਚ ਵੇਖਣ ਵਿਚ ਆਉਂਦਾ ਹੈ ਕਿ ਸਵੇਰ ਤੋਂ ਲੈ ਕੇ ਸ਼ਾਮ ਤਕ ਗੁਰੂ ਬਾਬਾ ਜੀ ਦੀ ਬੀੜ ਦਾ ਪ੍ਰਕਾਸ਼ ਰੂਪਮਾਨ ਰਹਿੰਦਾ ਹੈ ਭਾਵੇਂ ਕੋਈ ਪਾਠ ਕਰਨ ਵਾਲਾ ਹੋਵੇ ਜਾਂ ਨਾ ਹੋਵੇ, ਪਰ ਇਸ ਤਰ੍ਹਾਂ ਕਰਨਾ ਯੋਗ ਨਹੀਂ ਹੈ। ਜੇ ਪਾਠ ਕਰਨਾ ਹੋਵੇ ਤਾਂ ਪ੍ਰਕਾਸ਼ ਟਿਕਾ ਰਹੇ, ਨਹੀਂ ਤਾਂ ਸਵੇਰ ਦੇ ਨਿਤਨੇਮ ਤੋਂ ਵਿਹਲੇ ਹੋ ਕੇ ਜਾਂ ਵੱਧ ਤੋਂ ਵੱਧ ਦੁਪਹਿਰ ਤੱਕ ਸੁਖਾਸਨ ਕਰ ਦੇਣਾ ਚਾਹੀਦਾ ਹੈ। ਪਰ ਜੇ ਸ਼ਾਮ ਦੇ ਦੀਵਾਨ ਦੀਆਂ ਹਾਜ਼ਰੀਆਂ ਭਰਨੀਆਂ ਹੋਣ ਤਾਂ ਸ਼ਾਮ ਤਕ ਪ੍ਰਕਾਸ਼ ਰਖਣ ਵਿਚ ਕੋਈ ਹਰਜ ਨਹੀਂ ਅਤੇ ਸੋਦਰ ਦੇ ਦੀਵਾਨ ਪਿਛੋਂ ਸੁਖਾਸਨ ਕਰ ਕੇ ਬਿਰਾਜਮਾਨ ਕਰ ਦੇਣਾ ਚਾਹੀਦਾ ਹੈ।

## ੩. ਪ੍ਰਕਾਸ਼ ਕਰਨ ਬਾਰੇ

### (i) ਮੰਜੀ ਸਾਹਿਬ ਜਾਂ ਪਾਲਕੀ—

(ੳ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਉਚੇ ਥੜੇ ਜਾਂ ਤਖ਼ਤਪੋਸ਼ ਤੇ ਹੋਣਾ ਚਾਹੀਦਾ ਹੈ। ਜੇ ਕਿਸੇ ਕਾਰਨ ਇਹ ਦੋਵੇਂ ਅਸੰਭਵ ਹੋਣ ਤਾਂ ਧਰਤੀ ਤੇ ਹੀ ਸਵੱਛ ਬਸਤਰ ਵਿਛਾ ਕੇ ਮੰਜੀ ਸਾਹਿਬ ਉਤੇ ਪ੍ਰਕਾਸ਼ ਕਰਨ ਵਿਚ ਕੋਈ ਹਰਜ ਨਹੀਂ, ਅਤੇ ਨਾ ਹੀ ਕਿਸੇ ਪ੍ਰਕਾਰ ਦੇ ਭਰਮ ਵਿੱਚ ਪੈਣ ਦੀ ਲੋੜ ਹੈ।

(ਅ) ਮੰਜੀ ਸਾਹਿਬ ਤੋਂ ਬਿਨਾਂ ਕਿਸੇ ਹਾਲਤ ਵਿਚ ਵੀ ਗੁਰੂ ਮਹਾਰਾਜ ਜੀ ਦਾ ਪ੍ਰਕਾਸ਼ ਕਰਨਾ ਉਚਿਤ ਨਹੀਂ। ਮੰਜੀ ਸਾਹਿਬ ਦਾ ਸਾਈਜ਼ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਦੇ ਆਕਾਰ ਅਨੁਸਾਰ ਹੀ ਹੋਣਾ ਚਾਹੀਦਾ ਹੈ। ਇਉਂ ਨ ਹੋਵੇ ਕਿ ਮੰਜੀ ਸਾਹਿਬ ਦਾ ਆਕਾਰ ਛੋਟਾ ਹੋਵੇ ਤੇ ਬੀੜ ਵੱਡੇ ਆਕਾਰ ਵਾਲੀ ਹੋਵੇ। ਮੰਜੀ ਸਾਹਿਬ ਦੀ ਉਚਾਈ ਵੀ ਢੁਕਵੀਂ ਹੀ ਹੋਣੀ ਚਾਹੀਦੀ ਹੈ ਅਤੇ ਤਾਬਿਆ ਬੈਠਣ ਵਾਲੇ ਪਾਸੇ ਦੇ ਪਾਵੇ ਪਿਛਲਿਆਂ ਪਾਵਿਆਂ ਨਾਲੋਂ ਇੰਚ ਕੁ ਛੋਟੇ ਹੋਣੇ ਚਾਹੀਦੇ ਹਨ। ਇਸ ਤਰ੍ਹਾਂ ਪਾਠ ਕਰਨ ਵਾਲਿਆਂ ਨੂੰ ਆਸਾਨੀ ਰਹਿੰਦੀ ਹੈ ਅਤੇ ਅੱਗੇ ਨੂੰ ਝੁਕਣਾ ਨਹੀਂ ਪੈਂਦਾ।

(ੲ) ਮੰਜੀ ਸਾਹਿਬ ਬੜੀ ਸੁੰਦਰ ਬਣੀ ਹੋਈ ਹੋਵੇ। ਕਈ ਅਸਥਾਨਾਂ ਤੇ ਇਹੋ ਵੇਖਣ ਵਿਚ ਆਉਂਦਾ ਹੈ ਕਿ ਮੰਜੀ ਸਾਹਿਬ ਦੀ ਹਾਲਤ ਬਹੁਤ ਹੀ ਭੈੜੀ ਮੈਲੀ-ਕੁਚੈਲੀ ਜਿਹੀ ਹੁੰਦੀ ਹੈ, ਸੋ ਸੁੰਦਰ ਗਿਲਾਫ ਨਾਲ ਉਸ ਦੀ ਸੰਭਾਲ ਰਖਣੀ ਜ਼ਰੂਰੀ ਹੈ। ਜੇ ਕੇਨ ਜਾਂ ਬੈਂਤ ਨਾਲ ਬੁਣੀ ਹੋਈ ਹੋਵੇ ਤਾਂ ਗਿਲਾਫ਼ ਚੜ੍ਹਾਉਣ ਦੀ ਕੋਈ ਲੋੜ ਨਹੀਂ।



www.AKJ.Org

(ii) ਚੰਦੋਆ (ਚਾਨਣੀ)—

ਪ੍ਰਕਾਸ਼ ਵਾਲੇ ਅਸਥਾਨ ਉਪਰ ਚੰਦੋਆ ਸਜਾਉਣਾ ਜ਼ਰੂਰੀ ਹੈ, ਗੁਰਵਾਕ ਹੈ :—

ਤਖਤਿ ਬੈਠਾ ਅਰਜਨ ਗੁਰੂ ਸਤਿਗੁਰ ਕਾ ਖਿਵੈ ਚੰਦੋਆ ॥
[ਪੰ: ੯੬੮

ਅੱਵਲ ਤਾਂ ਪ੍ਰਕਾਸ਼ ਮੰਜੀ ਸਾਹਿਬ ਤੇ ਹੀ ਕਰਨਾ ਚਾਹੀਦਾ ਹੈ, ਪਾਲਕੀ ਵਿੱਚ ਨਹੀਂ, ਪ੍ਰੰਤੂ ਜੇ ਪਾਲਕੀ ਹੋਵੇ ਅਤੇ ਉਸ ਦੇ ਅੰਦਰ ਛੋਟੀ ਚਾਨਣੀ ਲੱਗੀ ਹੋਈ ਹੋਵੇ ਤਾਂ ਵੀ ਵੱਡਾ ਚੰਦੋਆ ਪਾਲਕੀ ਉਪਰ ਹੋਣਾ ਜ਼ਰੂਰੀ ਹੈ।

(iii) ਰੁਮਾਲੇ—

(ੳ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਲਈ ਰੁਮਾਲੇ ਅਤੀ ਸੁੰਦਰ ਪਰ ਸਾਦੇ ਹੋਣੇ ਚਾਹੀਦੇ ਹਨ। ਬਹੁਤੇ ਚਮਕੀਲੇ, ਭੜਕੀਲੇ ਤੇ ਪਤਲੇ ਨਹੀਂ ਹੋਣੇ ਚਾਹੀਦੇ।

ਪ੍ਰੇਮ-ਪਿਆਰ ਨਾਲ ਜੇ ਸਫ਼ੈਦ ਖੱਦਰ ਆਦਿ ਦੇ ਰੁਮਾਲੇ ਵੀ ਭੇਟਾ ਕੀਤੇ ਜਾਣ ਤਾਂ ਉਹੋ ਹੀ ਅਤੀ ਉਤਮ ਹਨ ਕਿਉਂਕਿ "ਗੋਬਿੰਦ ਭਾਉ ਭਗਤਿ ਦਾ ਭੁਖਾ" ਹੈ। ਪਰ ਇਹ ਗੱਲ ਵੇਖਣ ਵਾਲੀ ਹੈ ਕਿ ਘਰੇਲੂ ਰਹਿਤ ਵੀ ਸਾਦੀ ਹੋਵੇ। ਇਹ ਨਹੀਂ ਕਿ ਆਪਣੇ ਬਸਤਰ ਤਾਂ ਵਧੀਆ ਤੋਂ ਵਧੀਆ ਹੋਣ ਅਤੇ ਗੁਰੂ ਸਾਹਿਬ ਲਈ ਖੱਦਰ ਹੋਵੇ।

(ਅ) ਰੁਮਾਲੇ ਬੀੜ ਸਾਹਿਬ ਅਤੇ ਮੰਜੀ ਸਾਹਿਬ ਦੇ ਆਕਾਰ ਅਨੁਸਾਰ ਹੀ ਹੋਣੇ ਚਾਹੀਦੇ ਹਨ। ਰੁਮਾਲਾ ਪਲਕਾਂ ਸਮੇਤ ਹੀ ਮੁਕੰਮਲ ਕਿਹਾ ਜਾ ਸਕਦਾ ਹੈ। ਬਹੁਤ ਛੋਟੇ-ਵੱਡੇ ਰੁਮਾਲੇ ਸ਼ੋਭਾ ਨਹੀਂ ਦਿੰਦੇ।

(ੲ) ਤਸਵੀਰਾਂ ਵਾਲੇ ਰੁਮਾਲੇ ਭੇਟਾ ਕਰਨੇ ਗੁਰ-ਆਸ਼ੇ ਵਿਰੁੱਧ ਹਨ, ਕਿਉਂਕਿ ਤਸਵੀਰਾਂ ਮਨੋ-ਕਲਪਤ ਹੁੰਦੀਆਂ ਹਨ। ਸਿੱਖ ਧਰਮ ਮੂਰਤੀ-ਪੂਜਕ ਨਹੀਂ, ਨਿਰੋਲ ਸ਼ਬਦ ਦਾ ਪੁਜਾਰੀ ਹੈ।

(ਸ) ਵਰਤੋਂ ਵਿਚ ਆਉਣ ਵਾਲੇ ਲੋੜੀਂਦੇ ਰੁਮਾਲੇ ਹੀ ਭੇਟਾ ਕਰਨੇ ਯੋਗ ਹਨ।

(ਹ) ਪਾਠ ਦੀ ਸਮਾਪਤੀ ਉਪਰੰਤ ਰੁਮਾਲਾ ਭੇਟਾ ਕਰਨ ਦੀ ਪੁਰਾਤਨ ਮਰਯਾਦਾ ਹੈ, ਪਰ ਲੋੜ ਤੋਂ ਵਧ ਰੁਮਾਲੇ ਪਏ ਹੋਣ ਦੀ ਸੂਰਤ ਵਿਚ ਯੋਗ ਮਾਇਆ ਭੇਟ ਕਰਨ ਵਿਚ ਕੋਈ ਹਰਜ ਨਹੀਂ।

(ਕ) ਗੁਰਦੁਆਰਿਆਂ ਵਿੱਚੋਂ ਆਮ ਕਰਕੇ ਬੱਚਿਆਂ ਨੂੰ ਚੋਲੇ ਪਾਉਣ ਹਿਤ ਰੁਮਾਲੇ ਦਿੱਤੇ ਜਾਂਦੇ ਹਨ, ਪਰ ਇਹ ਇਨ੍ਹਾਂ ਦੀ ਅਯੋਗ ਵਰਤੋਂ ਹੈ। ਵਾਧੂ ਪਏ ਰੁਮਾਲਿਆਂ ਦੀ ਵਰਤੋਂ ਚੰਦੋਇਆਂ ਵਾਸਤੇ ਜਾਂ ਗੁਰਪੁਰਬਾਂ ਤੇ ਸਜਾਵਟ ਹਿਤ ਕਰ ਲੈਣੀ ਚਾਹੀਦੀ ਹੈ। ਸਭ ਤੋਂ ਚੰਗੀ ਗੱਲ ਇਹ ਹੈ ਕਿ ਅਜਿਹੇ ਵਾਧੂ ਪਏ ਰੁਮਾਲੇ ਕਿਸੇ ਅਜਿਹੇ ਅਸਥਾਨ ਤੇ ਪਹੁੰਚਾ ਦਿੱਤੇ ਜਾਣ ਜਿਥੇ ਕਿ ਰੁਮਾਲਿਆਂ ਦੀ ਥੁੜ ਹੋਣ ਕਾਰਨ ਕਈ ਕਈ ਚਿਰ ਰੁਮਾਲੇ ਬਦਲੇ ਹੀ ਨਹੀਂ ਜਾਂਦੇ। ਅਜਿਹਾ ਕਰਨ ਨਾਲ ਗੁਰੂ ਮਹਾਰਾਜ ਦੀ ਸ਼ਾਨ ਹਰ ਅਸਥਾਨ ਤੇ ਬਰਾਬਰ ਰਖਣ ਵਿਚ ਮਦਦ ਮਿਲਦੀ ਹੈ।

(ਖ) ਪ੍ਰਕਾਸ਼ ਕਰਨ ਹਿਤ ਮੰਜੀ ਸਾਹਿਬ ਤੇ ਇਕ ਸੁੰਦਰ ਗਦੇਲਾ ਵਿਛਾਉਣਾ ਚਾਹੀਦਾ ਹੈ। ਗਦੇਲੇ ਉਪਰ ਇਕ ਰੁਮਾਲਾ ਵਿਛਾਇਆ ਜਾਵੇ ਅਤੇ ਉਸ ਉਤੇ ਦੋ ਗੋਲਦਾਰ ਵੱਡੇ ਸਿਰ੍ਹਾਣੇ (ਇਕ ਸੱਜੇ ਅਤੇ ਦੂਜਾ ਖੱਬੇ ਪਾਸੇ) ਸਜਾਏ ਜਾਣ ਅਤੇ ਤੀਜਾ ਸਿਰ੍ਹਾਣਾ (ਛੋਟੇ ਆਕਾਰ ਦਾ) ਵਿਚਕਾਰ (ਮੰਜੀ ਸਾਹਿਬ ਦੇ ਅਗਲੇ ਪਾਸੇ) ਰੱਖਿਆ ਜਾਏ। ਇਨ੍ਹਾਂ ਸਿਰ੍ਹਾਣਿਆਂ ਉਪਰ ਇਕ ਰੁਮਾਲਾ ਹੋਰ ਵਿਛਾਇਆ ਜਾਏ। ਇਸੇ ਤਰ੍ਹਾਂ ਇਕ ਦਰਸ਼ਨੀ ਰੁਮਾਲਾ ਮੰਜੀ ਸਾਹਿਬ ਦੇ ਅੱਗੇ ਅਤੇ ਦੋਹਰੇ ਤੀਹਰੇ ਰੁਮਾਲੇ ਪ੍ਰਕਾਸ਼ ਕਰਨ ਉਪ੍ਰੰਤ ਗੁਰੂ-ਮਹਾਰਾਜ ਉਪਰ ਦੇਣੇ ਚਾਹੀਦੇ ਹੈ। ਸੱਜੇ, ਖੱਬੇ ਦੋਹਾਂ ਪਾਸਿਆਂ ਵਾਲੀਆਂ ਦੋ ਪਲਕਾਂ, ਮੰਜੀ ਸਾਹਿਬ ਦੀ ਉਚਾਈ ਦੇ ਸਾਈਜ਼ ਦੀਆਂ ਲਾਉਣੀਆਂ ਚਾਹੀਦੀਆਂ ਹਨ। ਇਕ ਇਕ ਪਲਕ ਦੋਨਾਂ ਪਾਸੇ ਅੰਦਰ-ਵਾਰ ਸਜਾਉਣੀ ਚਾਹੀਦੀ ਹੈ, ਇਹ ਪੁਰਾਤਨ ਮਰਯਾਦਾ ਹੈ ਅਤੇ ਇਸ ਨਾਲ ਬੀੜ ਦੀ ਚੰਗੀ ਸੰਭਾਲ ਰਹਿੰਦੀ ਹੈ। ਇਨ੍ਹਾਂ ਅੰਦਰਵਾਰ ਵਾਲੀਆਂ ਪਲਕਾਂ ਦਾ ਮੰਤਵ ਇਹ ਹੁੰਦਾ ਹੈ ਕਿ ਪਾਠ ਕਰਨ ਉਪਰੰਤ ਪੱਤਰਿਆਂ ਨੂੰ ਇਨ੍ਹਾਂ ਨਾਲ ਢੱਕ ਦਿੱਤਾ ਜਾਏ।

(ਗ) ਅਗਲੇ ਪਾਸੇ ਲਗੇ ਹੋਏ ਦਰਸ਼ਨੀ ਰੁਮਾਲੇ ਤੇ ਫੂਲਦਾਨ, ਧੂਪ ਅਤੇ ਕੜਾਹ ਪ੍ਰਸ਼ਾਦ ਨਹੀਂ ਰੱਖਣੇ ਚਾਹੀਦੇ, ਕਿਉਂਕਿ ਕਈ ਵਾਰ ਫੂਲਦਾਨਾਂ ਵਿੱਚੋਂ ਪਾਣੀ ਡੁਲ੍ਹਣ ਨਾਲ ਰੁਮਾਲੇ ਗਿੱਲੇ ਹੋ ਕੇ ਖ਼ਰਾਬ ਹੋ ਜਾਂਦੇ ਹਨ; ਧੂਪ ਦੀ ਬੁਰ-ਅਗਨੀ ਡਿਗਣ ਨਾਲ ਰੁਮਾਲਿਆਂ


www.AKJ.Org

ਤੇ ਦਾਗ ਪੈ ਜਾਣ ਦਾ ਡਰ ਹੁੰਦਾ ਹੈ ਅਤੇ ਕੜਾਹ ਪ੍ਰਸ਼ਾਦ ਨਾਲ ਥਿੰਦੇ ਹੋਣ ਦਾ ਹੀ ਡਰ ਰਹਿੰਦਾ ਹੈ।

(ਘ) ਦਰਸ਼ਨੀ ਰੁਮਾਲੇ ਉਪਰ ਸ਼ਸਤਰ, ਚਕਰ ਖੰਡੇ, ਸ੍ਰੀ ਸਾਹਿਬਾਂ ਆਦਿ ਸਜਾਉਣੇ ਸ਼ੋਭਨੀਕ ਤੇ ਪ੍ਰਭਾਵਸ਼ਾਲੀ ਹਨ।

(ਙ) ਜਿਨ੍ਹਾਂ ਗੁਰਦਵਾਰਿਆਂ ਵਿਚ ਗਿਣਤੀ ਦੇ ਹੀ ਰੁਮਾਲੇ ਹੋਣ ਉਥੇ ਰੁਮਾਲਿਆਂ ਦੀ ਧੁਲਾਈ ਤੇ ਸਫ਼ਾਈ ਦਾ ਖ਼ਿਆਲ ਰਖਣਾ ਜ਼ਰੂਰੀ ਹੈ।

(ਚ) ਰੁਮਾਲਿਆਂ ਨੂੰ ਕੜਾਹ ਪ੍ਰਸ਼ਾਦ ਵਾਲੇ ਹਥ ਨਹੀਂ ਲਾਉਣੇ ਚਾਹੀਦੇ, ਸਗੋਂ ਧੋ ਕੇ ਲਾਉਣੇ ਚਾਹੀਦੇ ਹਨ।

(ਛ) ਗਰਮੀਆਂ ਵਿਚ ਠੰਢੇ ਅਤੇ ਸਰਦੀਆਂ ਵਿਚ ਗਰਮ ਰੁਮਾਲੇ ਇਸ ਮੰਤਵ ਨੂੰ ਮੁਖ ਰਖ ਕੇ ਨਹੀਂ ਚੜ੍ਹਾਉਣੇ ਚਾਹੀਦੇ ਕਿ ਗੁਰੂ ਸਾਹਿਬ ਨੂੰ ਸਰਦੀ ਜਾਂ ਗਰਮੀ ਲਗਦੀ ਹੈ, ਕਿਉਂਕਿ ਗੁਰੂ ਮਹਾਰਾਜ ਜੀ ਸ਼ਬਦ-ਰੂਪ ਹਨ।

(ਜ) ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੇਵਾ (ਸੰਤੋਖਣ ਹਿਤ) ਪੰਜ* ਸਾਫ਼ ਰੁਮਾਲਿਆਂ ਦੀ ਪੁਰਾਤਨ ਮਰਯਾਦਾ ਹੈ। ਇਹ ਰੁਮਾਲੇ ਪੀਠਦਾਰ ਤੇ ਮੁਲਾਇਮ ਕਪੜੇ ਦੇ ਹੋਣੇ ਚਾਹੀਦੇ ਹਨ। ਸਿਲਕ ਅਤੇ ਸਾਟਨ ਵਾਂਗ ਢਿਲਕਵੇਂ ਕਪੜੇ ਦੇ ਰੁਮਾਲੇ ਨਹੀਂ ਹੋਣੇ ਚਾਹੀਦੇ। ਇਕੱਲਾ ਰੁਮਾਲਾ ਸੰਤੋਖਣ ਹਿਤ ਰਖਣਾ ਬਿਲਕੁਲ ਯੋਗ ਨਹੀਂ।

**(iv) ਪ੍ਰਕਾਸ਼-ਦਰਸ਼ਨ-ਸੁਖਾਸਨ—**

(ੳ) ਇਸ਼ਨਾਨ ਕਰ ਕੇ ਗੁਰੂ ਮਹਾਰਾਜ ਦਾ ਪ੍ਰਕਾਸ਼ ਕਰਨਾ ਯੋਗ ਹੈ।

(ਅ) ਜੁਰਾਬਾਂ ਸਮੇਤ ਤਾਬਿਆ ਵਿਚ ਬੈਠਣਾ ਸਖ਼ਤ ਬੇਅਦਬੀ ਹੈ। ਪੰਜ-ਇਸ਼ਨਾਨਾ ਸੋਧ ਕੇ ਤਾਬਿਆ ਵਿਚ ਜਾਣਾ ਯੋਗ ਹੈ।

(ੲ) ਪ੍ਰਕਾਸ਼ ਕਰਨ ਤੋਂ ਪਹਿਲਾਂ ਅਧੀਨਗੀ ਸਹਿਤ ਖੜੇ ਹੋ ਕੇ ਸੰਖੇਪ ਅਰਦਾਸ ਕਰਨੀ ਜ਼ਰੂਰੀ ਹੈ, ਕਿਉਂਕਿ ਗੁਰ-ਹੁਕਮ ਹੈ :—

"ਆਪੇ ਜਾਣੈ ਕਰੇ ਆਪ, ਆਪੇ ਆਣੈ ਰਾਸਿ ॥
ਤਿਸੈ ਅਗੈ ਨਾਨਕਾ ਖਲਿਇ ਕੀਚੈ ਅਰਦਾਸਿ ॥
[ਪੰ: ੧੦੯੩

(ਸ) ਅਰਦਾਸ ਉਪਰੰਤ ਪ੍ਰਕਾਸ਼ ਕਰਨ ਸਮੇਂ ਮਨ ਨੂੰ ਗੁਰ-ਚਰਨਾਂ ਵਿਚ ਜੋੜਨ ਹਿਤ ਬੇਨਤੀ ਦੇ ਸ਼ਬਦ ਪੜ੍ਹਨੇ ਚਾਹੀਦੇ ਹਨ। ਵਿਸ਼ੇਸ਼ ਕਰਕੇ ਹੇਠ ਲਿਖੇ ਸ਼ਬਦ ਪੜ੍ਹੇ ਜਾਂਦੇ ਹਨ :—

ਡੰਡਉਤਿ ਬੰਦਨ ਅਨਿਕ ਬਾਰ, ਸਰਬ ਕਲਾ ਸਮਰਥ ॥ ਡੋਲਨ ਤੇ ਰਾਖਹੁ ਪ੍ਰਭੂ, ਨਾਨਕ, ਦੇ ਕਰਿ ਹਥ ॥ [ਪੰ: ੨੫੬

ਧੰਨੁ ਸੁ ਵੇਲਾ ਜਿਤੁ ਦਰਸਨੁ ਕਰਨਾ ॥ ਹਉ ਬਲਿਹਾਰੀ ਸਤਿਗੁਰ ਚਰਨਾ ॥ ਰਹਾਉ ॥ ਜੀਅ ਕੇ ਦਾਤੇ ਪ੍ਰੀਤਮ ਪ੍ਰਭ ਮੇਰੇ ॥ ਮਨ ਜੀਵੈ ਪ੍ਰਭਿ ਨਾਮੁ ਚਿਤੇਰੇ ॥ ਸਚੁ ਮੰਤ੍ਰ ਤੁਮਾਰਾ ਅੰਮ੍ਰਿਤ ਬਾਣੀ ॥ ਸੀਤਲ ਪੁਰਖ ਦ੍ਰਿਸਟਿ ਸੁਜਾਣੀ ॥ ਸਚੁ ਹੁਕਮੁ ਤੁਮਾਰਾ ਤਖਤ ਨਿਵਾਸੀ ॥ ਆਇ ਨ ਜਾਇ ਮੇਰਾ ਪ੍ਰਭ ਅਬਿਨਾਸੀ ॥ ਤੁਮ ਮਿਹਰਵਾਨ ਦਾਸ ਹਮ ਦੀਨਾ ॥ ਨਾਨਕ ਦਾਸੁ ਭਰਪੁਰਿ ਲੀਣਾ ॥ [ਪੰ: ੫੬੨

ਧੰਨੁ ਸੁ ਵੇਲਾ ਘੜੀ ਧੰਨੁ ਧਨੁ ਮੂਰਤੁ ਪਲੁ ਸਾਰੁ ॥ ਧੰਨੁ ਸੁ ਦਿਨਸੁ ਸੰਜੋਗੜਾ, ਜਿਤੁ ਡਿਠਾ ਗੁਰ ਦਰਸਾਰੁ ॥...... [ਪੰ: ੯੫੮

ਅਮਿਅ ਦ੍ਰਿਸਟਿ ਸੁਭ ਕਰੈ, ਹਰੈ ਅਘ ਪਾਪ ਸਕਲ ਮਲ ॥ ਕਾਮ, ਕ੍ਰੋਧ ਅਰੁ ਲੋਭ ਮੋਹ, ਵਸਿ ਕਰੈ ਸਭੈ ਬਲ ॥ ਸਦਾ ਸੁਖੁ ਮਨਿ ਵਸੈ, ਦੁਖ ਸੰਸਾਰਹ ਖੋਵੈ ॥ ਗੁਰੁ ਨਵਨਿਧਿ ਦਰੀਆਉ, ਜਨਮ ਹਮ ਕਾਲਖ ਧੋਵੈ ॥ ਸੁ ਕਹੁ ਟਲ ਗੁਰੁ ਸੇਵੀਐ, ਅਹਿਨਿਸਿ ਸਹਜਿ ਸੁਭਾਇ ॥ ਦਰਸਨਿ ਪਰਸਿਐ ਗੁਰੂ ਕੈ, ਜਨਮ ਮਰਣ ਦੁਖੁ ਜਾਇ ॥ [ਪੰ: ੧੩੯੨

ਹੋਵੈ ਸਿਫਤਿ ਖਸੰਮ ਦੀ ਨੂਰੁ ਅਰਸਹੁ ਕੁਰਸਹੁ ਝਟੀਐ ॥ ਤੁਧੁ ਡਿਠੇ ਸਚੇ ਪਾਤਿਸਾਹ, ਮਲੁ ਜਨਮ ਜਨਮ ਦੀ ਕਟੀਐ ॥ [ਪੰ: ੯੬੭

---

*ਜਦੋਂ ਬਿਆਸਾ ਨਦੀ ਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਕਢੀ ਤਾਂ ਉਸ ਨੂੰ ਧੀਰ ਮਲ ਨੇ ਜਿਵੇਂ ਦੇਖਿਆ ਭਾਈ ਸੰਤੋਖ ਸਿੰਘ ਜੀ ਨੇ ਅੰਕਿਤ ਕੀਤਾ ਹੈ—

ਊਪਰ ਤਿਸ ਕੇ ਪੰਚ ਰੁਮਾਲ। ਦੋਇ ਰੇਸ਼ਮੀ ਸੁੰਦਰ ਲਾਲ।
ਤੀਨ ਰੁਮਾਲ ਹੂਲ ਕੇ ਹੁਤੇ। ਖੋਲਨਿ ਕਰੇ ਆਪ ਕਰ ਤਿਤੇ।
[ਰਾਸ ੧੧, ਅੰਸੂ ੨੬



www.AKJ.Org

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਨ ਸਮੇਂ ਜੇ ਬੀੜ ਕਿਸੇ ਹੋਰ ਕਮਰੇ ਵਿਚ ਹੋਵੇ ਤਾਂ ਉਥੋਂ ਪਾਲਕੀ ਵਿਚ ਜਾਂ ਸੀਸ ਉਤੇ ਚੁੱਕ ਕੇ ਸਤਿਕਾਰ ਸਹਿਤ ਲਿਆਉਣੀ ਚਾਹੀਦੀ ਹੈ। ਇਸੇ ਪ੍ਰਕਾਰ ਪ੍ਰਕਾਸ਼ ਕਰਨ ਸਮੇਂ ਰੁਮਾਲੇ ਖੋਲ੍ਹਣ ਉਪਰੰਤ ਬੀੜ ਨੂੰ ਸੀਸ ਉਪਰ ਚੁਕ ਲੈਣਾ ਚਾਹੀਦਾ ਹੈ। ਸੀਸ ਤੇ ਚੁਕਣ ਸਮੇਂ ਇਕ ਪਲਕ ਸੀਸ ਤੇ ਅਤੇ ਦੂਜੀ ਬੀੜ ਦੇ ਉਪਰ ਰਖਣੀ ਜ਼ਰੂਰੀ ਹੈ। ਬੀੜ ਨੂੰ ਸੀਸ ਤੇ ਚੁੱਕਣ ਦੀ ਥਾਂ ਸਟੂਲ ਜਾਂ ਧਰਤੀ ਤੇ ਰੱਖਣਾ ਗੁਰੂ ਸਾਹਿਬ ਦੀ ਨਿਰਾਦਰੀ ਕਰਨ ਤੁਲ ਹੈ।

(ਹ) ਰੁਮਾਲੇ ਨੂੰ ਪੱਤਰਿਆਂ ਵਿਚ ਨਹੀਂ ਦੇਣਾ ਚਾਹੀਦਾ, ਕਿਉਂਕਿ ਇਸ ਤਰ੍ਹਾਂ ਕਈ ਵਾਰ ਪੱਤ੍ਰੇ ਮੁੜ ਕੇ ਫਟ ਜਾਂਦੇ ਹਨ। ਪਾਠ ਕਰਨ ਸਮੇਂ ਮੰਜੀ ਸਾਹਿਬ ਉਪਰ ਬਾਹਵਾਂ ਦੀ ਟੇਕ ਜਾਂ ਢਾਸਣਾ ਲਾਉਣਾ ਠੀਕ ਨਹੀਂ। ਪਾਠ ਕਰਨ ਸਮੇਂ ਬੀੜ ਵਿਚ ਕਾਗਜ਼ ਦੀਆਂ ਨਿਸ਼ਾਨੀਆਂ ਰਖਣੀਆਂ ਅਯੋਗ ਹਨ। ਇਸ ਕੰਮ ਲਈ ਨੋਟਬੁਕ ਮੰਜੀ ਸਾਹਿਬ ਦੇ ਹੇਠਾਂ ਜਾਂ ਜੇਬ ਵਿਚ ਰਖੀ ਜਾ ਸਕਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਉਤੇ ਸ਼ਨੀਲ, ਮਖ਼ਮਲ ਜਾਂ ਜ਼ੀਨ ਆਦਿ ਦੇ ਕਪੜੇ ਦੀ ਚੋਲੀ ਜ਼ਰੂਰ ਚੜ੍ਹਾਉਣੀ ਚਾਹੀਦੀ ਹੈ, ਜਿਸ ਨਾਲ ਬੀੜ ਦੀ ਜਿਲਦ ਦੀ ਸੰਭਾਲ ਰਹਿੰਦੀ ਹੈ।

(ਕ) ਬੀੜ ਦਾ ਪ੍ਰਕਾਸ਼ ਕਰਨ ਸਮੇਂ ਪੱਤਰਿਆਂ ਨੂੰ ਬੜੇ ਸਤਿਕਾਰ ਅਤੇ ਭੈ-ਭਾਵਨੀ ਸਹਿਤ ਦੋਹਾਂ ਹੱਥਾਂ ਨਾਲ ਪਰਤਾਉਣਾ ਚਾਹੀਦਾ ਹੈ। ਪਾਠ ਕਰਨ ਸਮੇਂ ਇਕ ਇਕ ਪੱਤਰਾ ਵੀ ਆਮ ਪੁਸਤਕਾਂ ਵਾਂਗ ਸਮਝ ਕੇ ਨਹੀਂ ਪਰਤਾਉਣਾ ਚਾਹੀਦਾ। ਜਾਗਤ-ਜੋਤਿ, ਹਾਜ਼ਰਾ-ਹਜ਼ੂਰ, ਜ਼ਾਹਿਰਾ ਜ਼ਹੂਰ, ਸਰਬ ਕਲਾ ਭਰਪੂਰ, ਸਮਝ ਕੇ ਸੇਵਾ ਕਰਨੀ ਚਾਹੀਦੀ ਹੈ।

(ਖ) ਪ੍ਰਕਾਸ਼ ਕਰਨ ਸਮੇਂ ਪੱਤਰਿਆਂ ਦੀ ਇਕਸਾਰ ਵੰਡ ਕਰਨ ਦਾ ਯਤਨ ਹੋਣਾ ਚਾਹੀਦਾ ਹੈ। ਇਕ ਪਾਸੇ ਬਹੁਤ ਜ਼ਿਆਦ ਅਤੇ ਦੂਜੇ ਪਾਸੇ ਬਹੁਤ ਥੋੜੇ ਪੱਤਰੇ ਨਹੀਂ ਕਰਨੇ ਚਾਹੀਦੇ। ਦਰਸ਼ਨ ਸਮਾਪਤੀ ਉਪਰੰਤ ਇਸ ਗੱਲ ਦਾ ਖ਼ਾਸ ਧਿਆਨ ਰੱਖਣਾ ਚਾਹੀਦਾ ਹੈ।

(ਗ) ਪ੍ਰਕਾਸ਼ ਕਰਨ ਤੇ ਸਤਿਕਾਰ ਸਹਿਤ ਸੀਸ ਨਿਵਾਉਣਾ ਅਤੇ ਫ਼ਤਹ ਗਜਾਉਣੀ ਹਰੇਕ ਪ੍ਰਾਣੀ ਮਾਤਰ ਦਾ ਫ਼ਰਜ਼ ਬਣਦਾ ਹੈ।

(ਘ) ਗੁਰੂ ਬਾਬਾ ਜੀ ਦੀ ਤਾਬਿਆ ਬੈਠਣ ਵਾਲਾ ਪ੍ਰੇਮੀ ਜੇ ਪਜਾਮੇ ਦੀ ਥਾਂ ਕਛਹਿਰਾ ਪਾ ਕੇ ਬੈਠੇ ਤਾਂ ਚੰਗਾ ਹੈ, ਪਰ ਇਹ ਕੋਈ ਪ੍ਰਮਾਣੀਕ ਮਰਯਾਦਾ ਨਹੀਂ ਹੈ, ਕਿਉਂਕਿ ਜ਼ਿੰਘਣੀਆਂ ਨੂੰ ਸਿਖ ਸਮਾਜ ਵਿਚ ਬਰਾਬਰ ਅਧਿਕਾਰ ਹਨ ਅਤੇ ਉਨ੍ਹਾਂ ਲਈ ਸਲਵਾਰ ਤੋਂ ਬਿਨਾਂ ਤਾਬਿਆ ਵਿਚ ਬੈਠਣਾ ਅਸੰਭਵ ਜਿਹਾ ਲਗਦਾ ਹੈ। ਸੋ ਸਵੱਛ ਪਜਾਮਾ ਜਾਂ ਸਲਵਾਰ ਹੋਣੀ ਯੋਗ ਹੈ।

(ਙ) ਗੁਰੂ ਮਹਾਰਾਜ ਦੀ ਤਾਬਿਆ ਬੈਠ ਕੇ ਪੈਰਾਂ ਨੂੰ ਹੱਥ ਲਾਉਣੇ ਠੀਕ ਨਹੀਂ। ਤੇ ਸਰੀਰਕ ਲੁੜੀਂਦੀ ਕਿਰਿਆ ਕਪੜੇ ਨਾਲ ਕਰਨੀ ਚਾਹੀਦੀ ਹੈ। ਸਾਵਧਾਨਤਾ ਸਹਿਤ ਬੈਠਣਾ ਚਾਹੀਦਾ ਹੈ।

(ਚ) ਰਾਗੀ ਸਿੰਘਾਂ ਲਈ ਅਸਥਾਨ, ਪ੍ਰਕਾਸ਼-ਅਸਥਾਨ ਨਾਲੋਂ ਕੁਝ ਨੀਵਾਂ ਹੋਣਾ ਚਾਹੀਦਾ ਹੈ। ਕੀਰਤਨੀਏ ਸਿੰਘਾਂ ਨੂੰ ਗੁਰੂ ਮਹਾਰਾਜ ਜੀ ਦੇ ਸੱਜੇ ਪਾਸੇ ਸਜਣਾ ਚਾਹੀਦਾ ਹੈ। ਸ਼ਸ਼ਤਰਧਾਰੀਆਂ ਨੂੰ ਕੀਰਤਨੀ ਸਿੰਘਾਂ ਦੇ ਸਨਮੁਖ, ਗੁਰੂ ਮਹਾਰਾਜ ਜੀ ਦੇ ਖੱਬੇ ਪਾਸੇ ਸਜਣ ਦੀ ਪੁਰਾਤਨ ਮਰਯਾਦਾ ਹੈ। ਇਸ ਮਰਯਾਦਾ ਦੇ ਦਰਸ਼ਨ ਸ੍ਰੀ ਹਰਿਮੰਦਰ ਸਾਹਿਬ ਵਿਚ ਕੀਤੇ ਜਾ ਸਕਦੇ ਹਨ। ਦਸਤਾਰ ਤੋਂ ਬਿਨਾਂ ਛੋਟੇ ਬੱਚਿਆਂ ਨੂੰ ਅੱਗੇ ਬੈਠਣਾ ਯੋਗ ਨਹੀਂ। ਕੀਰਤਨੀ ਸਿੰਘਾਂ ਅਤੇ ਪ੍ਰਚਾਰਕਾਂ ਆਦਿ ਨੂੰ ਕੇਵਲ ਕੀਰਤਨ ਜਾਂ ਵਖਿਆਨ ਸਮੇਂ ਹੀ ਸਟੇਜ ਤੇ ਬੈਠਣਾ ਚਾਹੀਦਾ ਹੈ, ਉਸ ਤੋਂ ਉਪਰੰਤ ਛੇਤੀ ਹੀ ਸੰਗਤ ਵਿਚ ਸਜ ਜਾਣਾ ਯੋਗ ਹੈ।

(ਛ) ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਤਕੀਏ ਆਸਣ ਲਾ ਕੇ ਬੈਠਣਾ ਗੁਰਮਤਿ ਵਿਰੁੱਧ ਹੈ, ਕਿਉਂਕਿ ਗੁਰਵਾਕ ਹੈ :—

"ਬੀਜਉ ਸੂਝੈ ਕੋ ਨਹੀ, ਬਹੈ ਦੁਲੀਚਾ ਪਾਇ"

[ਪੰ: ੬੩੬

ਇਸੇ ਪ੍ਰਕਾਰ ਹੀ ਗੁਰ-ਸੰਗਤ ਵਿਚ ਵੱਖਰਾ ਆਸਣ ਵਿਛਾ ਕੇ ਬੈਠਣਾ ਵੀ ਆਪਣੇ ਆਪ ਨੂੰ ਸੰਗਤ ਨਾਲੋਂ ਵੱਖਰਾ ਦਰਸਾਉਣ ਵਾਲੀ ਗੱਲ ਹੈ, ਇਹ ਸਭ ਹਉਮੈ ਦਾ ਕਾਰਨ ਹੈ।

(ਜ) ਦਿਨ ਨੂੰ ਕਿਸੇ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ

www.AKJ.Org

ਜੀ ਦਾ ਸੁਖਾਸਨ ਕਰਨ ਵੇਲੇ ਸੋਹਿਲੇ ਦਾ ਪਾਠ ਕਰਨ ਦੀ ਕੋਈ ਮਰਯਾਦਾ ਨਹੀਂ, ਕੇਵਲ ਰਾਤ ਸਮੇਂ ਹੀ ਆਰਤੀ-ਸੋਹਿਲੇ ਦਾ ਪਾਠ ਕਰਨਾ ਉਚਿਤ ਹੈ।

(ਝ) ਸੁਖਾਸਨ ਸਮੇਂ ਸੋਹਣੇ ਤਰੀਕੇ ਨਾਲ ਅਦਬ ਸਤਿਕਾਰ ਸਹਿਤ ਰੁਮਾਲੇ ਲਪੇਟਣੇ ਚਾਹੀਦੇ ਹਨ ਅਤੇ ਵਿਚ ਵਟ ਨਹੀਂ ਰਹਿਣ ਦੇਣੇ ਚਾਹੀਦੇ।

(ਞ) ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਇਹ ਮਰਯਾਦਾ ਬੱਧੀ ਸੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਲਈ ਸੁਖਾਸਨ-ਅਸਥਾਨ ਵੱਖਰਾ ਹੋਵੇ। ਵੱਖਰੇ ਅਸਥਾਨ ਤੇ ਵੱਡਾ ਤੇ ਸੁੰਦਰ ਪਲੰਘ ਵਿਛਿਆ ਹੋਵੇ। ਪਲੰਘ ਨ ਹੋਣ ਦੀ ਹਾਲਤ ਵਿੱਚ ਅਲਮਾਰੀ ਜਾਂ ਸੰਦੂਕ ਆਦਿ ਵਿਚ ਅਦਬ ਸਤਿਕਾਰ ਸਹਿਤ ਪਲੰਘ ਵਾਂਗ ਬੀੜ ਟਿਕਾਉਣੀ ਚਾਹੀਦੀ ਹੈ। ਪਲੰਘ ਉਤੇ ਵੀ ਚੰਦੋਆ ਜਾਂ ਚਾਦਰ ਤਾਣ ਦੇਣੀ ਜ਼ਰੂਰੀ ਹੈ।

(ਟ) ਬੀੜ ਨੂੰ ਇਕ ਮਕਾਨ ਤੋਂ ਦੂਜੇ ਮਕਾਨ ਜਾਂ ਥਾਂ ਤੇ ਲੈ ਜਾਣ ਲਈ ਮੰਜੀ ਸਾਹਿਬ ਉਪਰ ਚੰਗੀ ਤਰ੍ਹਾਂ ਕਮਰਕਸਾ ਕਰਨਾ ਅਤੀ ਜ਼ਰੂਰੀ ਹੈ।

(ਠ) ਸੁਖਾਸਨ ਉਪਰੰਤ ਮੰਜੀ ਸਾਹਿਬ ਦੇ ਅਗੇ ਲਗਾ ਹੋਇਆ ਰੁਮਾਲਾ ਅਤੇ ਸ਼ਸਤਰ ਆਦਿ ਸਮੇਟ ਦੇਣੇ ਚਾਹੀਦੇ ਹਨ ਅਤੇ ਅੰਮ੍ਰਿਤ ਵੇਲੇ ਪ੍ਰਕਾਸ਼ ਸਮੇਂ ਸ਼ਸ਼ਤਰਾਂ ਨੂੰ ਇਸ਼ਨਾਨ ਕਰਾ ਕੇ, ਸਾਫ ਕਰ ਕੇ ਰੁਮਾਲਿਆਂ ਸਮੇਤ ਦੁਬਾਰਾ ਸਜਾਉਣਾ ਚਾਹੀਦਾ ਹੈ। ਮਹਾਰਾਜ ਦਾ ਉਪਰਲਾ ਰੁਮਾਲਾ, ਪਲੰਘ ਦੇ ਉਪਰਲੇ ਹਿਸੇ ਤਕ ਰਹਿਣਾ ਚਾਹੀਦਾ ਹੈ, ਹੇਠਾਂ ਪਾਵਿਆਂ ਤਕ ਨਹੀਂ ਕਰਨਾ ਚਾਹੀਦਾ, ਤਾਂ ਜੁ ਤਾਬੇ ਬੈਠਣ ਵਾਲੇ ਦੇ ਪੈਰਾਂ ਨਾਲ ਲਗ ਕੇ ਬੇਅਦਬੀ ਦਾ ਕਾਰਨ ਨਾ ਬਣੇ।

(੪) ਚੌਰ—

(ੳ) ਗੁਰੂ ਮਹਾਰਾਜ ਜੀ ਵਾਸਤੇ ਇਕ ਸੁੰਦਰ ਚੌਰ ਹੋਣਾ ਲਾਜ਼ਮੀ ਹੈ:—

ਵਡਾ ਤੇਰਾ ਦਰਬਾਰੁ, ਸਚਾ ਤੁਧੁ ਤਖਤੁ ॥
ਸਿਰਿ ਸਾਹਾ ਪਾਤਿਸਾਹੁ, ਨਿਹਚਲ ਚਉਰੁ ਛਤੁ ॥
[ਪੰ: ੯੬੪

ਚੌਰ ਰੱਖਣ ਲਈ ਇਕ ਵੱਖਰਾ ਸਟੂਲ ਜਾਂ ਚੌਕੀ ਆਦਿ ਹੋਣੀ ਚਾਹੀਦੀ ਹੈ, ਤਾਂ ਜੁ ਤਾਬਿਆ ਬੈਠਣ ਵਾਲੇ ਦੇ ਪੈਰਾਂ ਨਾਲ ਨ ਲੱਗੇ।

(ਅ) ਚੌਰ ਖੜੇ ਹੋ ਕੇ ਕਰਨ ਦਾ ਯਤਨ ਕਰਨਾ ਚਾਹੀਦਾ ਹੈ, ਕਿਉਂਕਿ ਪੁਰਾਤਨ ਸਿੰਘ ਇਸੇ ਪ੍ਰਕਾਰ ਹੀ ਕੀਤਾ ਕਰਦੇ ਸਨ।

(ੲ) ਚੌਰ ਪਿਛਲੇ ਪਾਸੇ ਜਾਂ ਸੱਜੇ ਖੱਬੇ ਖੜੋ ਕੇ ਕਰਨਾ ਚਾਹੀਦਾ ਹੈ। ਕਈ ਵੀਰ ਅਤੇ ਭੈਣਾਂ ਗੁਰੂ ਮਹਾਰਾਜ ਦੇ ਪ੍ਰਕਾਸ਼ ਦੇ ਅੱਗੋਂ ਦੀ ਪਰਕਰਮਾ ਕਰਦੇ ਹੋਏ ਚੌਰ ਕਰਦੇ ਹਨ, ਜੋ ਠੀਕ ਨਹੀਂ ਹੈ।

(ਸ) ਪਾਲਕੀ ਹੋਣ ਦੀ ਸੂਰਤ ਵਿਚ ਚੌਰ ਚੰਗੀ ਤਰ੍ਹਾਂ ਨਹੀਂ ਹੋ ਸਕਦਾ। ਪਾਲਕੀ ਕੇਵਲ ਗੁਰੂ ਸਾਹਿਬ ਦੀ ਸਵਾਰੀ ਲਿਜਾਣ ਵਾਸਤੇ ਹੀ ਬਣਾਈ ਗਈ ਹੈ। ਇਸ ਲਈ ਚੰਗੀ ਗੱਲ ਇਹ ਹੈ ਕਿ ਪ੍ਰਕਾਸ਼ ਹਮੇਸ਼ਾ ਮੰਜੀ ਸਾਹਿਬ ਤੇ ਹੀ ਕੀਤਾ ਜਾਏ।

(ਹ) ਚੌਰ ਨੂੰ ਰੁਮਾਲਿਆਂ ਜਾਂ ਪੱਤਰਿਆਂ ਦੀ ਸਫ਼ਾਈ ਹਿਤ ਵਰਤਣਾ ਨਿਰੋਲ ਮਨਮਤਿ ਹੈ। ਇਸ ਸੇਵਾ ਲਈ ਇਕ ਵਾਧੂ ਸਾਫ਼ ਸੁਥਰਾ ਰੁਮਾਲਾ ਰਖ ਲਵੋ।

(ਕ) ਚੌਰ ਸਾਹਿਬ ਦੇ ਮੁੱਠੇ ਮਜ਼ਬੂਤ ਹੋਣੇ ਚਾਹੀਦੇ ਹਨ, ਕਿਉਂਕਿ ਮੋਰਾਂ ਦੇ ਖੰਭਾਂ ਵਾਲੇ ਚੌਰ ਛੇਤੀ ਟੁਟ ਜਾਂਦੇ ਹਨ ਅਤੇ ਉਨ੍ਹਾਂ ਦੀਆਂ ਪੰਖੜੀਆਂ ਪੈਰਾਂ ਵਿਚ ਰੁਲਦੀਆਂ ਰਹਿੰਦੀਆਂ ਹਨ।

## ਅਖੰਡ ਕੀਰਤਨੀ ਜੱਥਾ ਜਲੰਧਰ ਵਲੋਂ ੧੯੭੪ ਦੇ ਪ੍ਰੋਗਰਾਮ

੪ ਅਗਸਤ ਐਤਵਾਰ ਅੰਮ੍ਰਿਤ ਵੇਲੇ ੫ ਤੋਂ ੧੦ ਕੀਰਤਨ ਆਸਾ ਦੀ ਵਾਰ ਗੁਰਦਵਾਰਾ ਗੁਰੂਨਾਨਕ ਮਿਸ਼ਨ ਹਸਪਤਾਲ ਜਲੰਧਰ
੧੧ ਅਗਸਤ ਐਤਵਾਰ ਅੰਮ੍ਰਿਤ ਵੇਲੇ ੫ ਤੋਂ ੧੦ ਕੀਰਤਨ ਆਸਾ ਦੀ ਵਾਰ ਗੁਰਦਵਾਰਾ ਮਖ਼ਦੂਮਪੁਰਾ, ਨਕੋਦਰਰੋਡ, ਜਲੰਧਰ
੧੭ ਅਗਸਤ ਸ਼ਨੀਵਾਰ ਰੈਣ-ਸਬਾਈ ਕੀਰਤਨ ਅਤੇ ਅੰਮ੍ਰਿਤ-ਸੰਚਾਰ ਪਿੰਡ ਗਿਲਾਂ (ਜਲੰਧਰ ਸ਼ਹਿਰ ਤੋਂ ੬ ਮੀਲ)।
੨੪ ਅਗਸਤ ਸ਼ਨੀਵਾਰ ਰੈਣ-ਸਬਾਈ ਕੀਰਤਨ ਗੁਰਦੁਆਰਾ ਬੇਰ ਸਾਹਿਬ ਸੁਲਤਾਨਪੁਰ ਸਾਹਿਬ (ਅਰੰਭ ੮॥ ਵਜੇ, ਸਮਾਪਤੀ ੬ ਵਜੇ ਐਤਵਾਰ ਸਵੇਰੇ)।

www.AKJ.Org

# 'ਗੁਰ ਮੂਰਤਿ ਗੁਰ ਸਬਦੁ ਹੈ' ਜਾਂ ਕਿ ਅਖੌਤੀ ਧਾਰਮਕ ਫ਼ਿਲਮਾਂ

## ਪ੍ਰੋਫ਼ੈਸਰ ਸਾਹਿਬ ਸਿੰਘ ਜੀ ਦੀ ਇਕ ਪੁਰਾਣੀ ਚਿੱਠੀ ਦੇ ਅਧਾਰ ਤੇ

ਪ੍ਰੋਫ਼ੈਸਰ ਸਾਹਿਬ ਸਿੰਘ ਜੀ ਨੇ ਆਪਣੀ ਸਾਰੀ ਆਯੂ ਗੁਰਬਾਣੀ ਤੇ ਗੁਰਮਤਿ ਦੀ ਖੋਜ ਵਿਚ ਲਗਾਈ ਰਖੀ ਹੈ ਅਤੇ ਅਨੇਕਾਂ ਗੁਰਮਤਿ ਦੀਆਂ ਪੁਸਤਕਾਂ, ਗੁਰਬਾਣੀ ਵਿਆਕਰਣ ਤ ਸਮੱਗਰ ਗੁਰਬਾਣੀ ਦਾ ਸਟੀਕ ਤਿਆਰ ਕੀਤੇ ਹਨ। ਆਪ ਨੇ ਪੰਥ ਨੂੰ ਵੱਡਮੁਲੀ ਤੇ ਸ਼ਲਾਘਾ-ਯੋਗ ਦੇਣ ਦਿਤੀ ਹੈ। ਆਪ ਜੀ ਦੀ ਅਣਥਕ ਦਿਨ-ਰਾਤ ਦੀ ਕਰੜੀ ਮਿਹਨਤ ਦੇ ਕਾਰਨ ਆਪ ਜੀ ਦੀ ਸਿਹਤ ਹੁਣ ਬਹੁਤ ਕਮਜ਼ੋਰ ਹੋ ਚੁਕੀ ਹੈ। ਇਸੇ ਕਾਰਨ ਭਾਈ ਗੁਰਦਾਸ ਜੀ ਦੇ ਕਬਿਤ ਸਵੈਯੇ ਅਤੇ ਵਾਰਾਂ ਦੇ ਅਰੰਭੇ ਹੋਏ ਸਟੀਕ ਅਧੂਰੇ ਹੀ ਰਹਿ ਗਏ ਹਨ। ਹੁਣ ਉਨ੍ਹਾਂ ਦੀ ਯਾਦ-ਸ਼ਕਤੀ ਬਹੁਤ ਕਮਜ਼ੋਰ ਹੋ ਚੁਕੀ ਹੈ, ਤੁਰਨੋਂ ਫਿਰਨੋਂ ਰਹਿ ਗਏ ਹਨ ਤੇ ਪਛਾਣ-ਸ਼ਕਤੀ ਵੀ ਜਵਾਬ ਦਿੰਦੀ ਜਾ ਰਹੀ ਹੈ।

ਪ੍ਰੋਫ਼ੈਸਰ ਸਾਹਿਬ ਜੀ ਲਿਖਤ ਪੁਰਾਣੇ ਖਰੜੇ ਤੇ ਹੱਥ-ਲਿਖਤਾਂ ਦੀ ਦੇਖ-ਭਾਲ ਕਰਦਿਆਂ, ਉਨ੍ਹਾਂ ਵਿਚੋਂ ਇਕ ਚਿਠੀ ਪ੍ਰਾਪਤ ਹੋਈ ਹੈ। ਜੋ ਚਿਤਰਕਾਰਾਂ ਵਲੋਂ ਬਣਾਈਆਂ ਜਾ ਰਹੀਆਂ ਗੁਰ-ਮੂਰਤਾਂ ਬਾਰੇ ਸ਼੍ਰੋਮਣੀ ਕਮੇਟੀ ਨੂੰ ੧੯੫੧ ਵਿਚ ਲਿਖੀ ਹੋਈ ਹੈ। ਇਸ ਚਿਠੀ ਦਾ ਆਖ਼ਰੀ ਹਿੱਸਾ ਨਹੀਂ ਮਿਲ ਸਕਿਆ (ਪਰ ਉਨ੍ਹਾਂ ਦੀਆਂ ਲਿਖਤ ਛਪੀਆਂ ਪੁਸਤਕਾਂ ਦੀ ਪੜਤਾਲ ਕਰਨ ਪਿਛੋਂ ਇਹ ਪੂਰੀ ਚਿੱਠੀ ਛਪੀ ਹੋਈ ਇਕ ਪੁਸਤਕ ਵਿਚੋਂ ਮਿਲ ਗਈ ਹੈ)। ਇਹ ਚਿਠੀ ਬੜੀ ਪ੍ਰਭਾਵ-ਸ਼ਾਲੀ ਹੈ ਅਤੇ ਥੋੜੇ ਲਫ਼ਜ਼ਾਂ ਵਿਚ ਬੜਾ ਕੁਝ ਪ੍ਰਗਟਾਇਆ ਗਿਆ ਹੈ। ਇਸ ਚਿਠੀ ਰਾਹੀਂ ਭਵਿਖਤ ਵਿਚ ਇਨ੍ਹਾਂ ਤਸਵੀਰਾਂ ਦੀ ਬਦੌਲਤ ਵਾਪਰਨ ਵਾਲਿਆਂ ਖ਼ਤਰਿਆਂ ਤੋਂ ਖ਼ਬਰਦਾਰ ਕੀਤਾ ਗਿਆ ਹੈ, ਜੋ ਅਜ ਪਰਤੱਖ ਦਿਸ ਰਹੇ ਹਨ, ਤੇ ਅਗੋਂ ਪਤਾ ਨਹੀਂ, ਕੀ ਕੀ ਕੁਝ ਹੋਣਾ ਹੈ।

**ਚਿਠੀ ਦਾ ਉਤਾਰਾ ਹੇਠ ਲਿਖੇ ਅਨੁਸਾਰ ਹੈ —**

੨੪—ਖ਼ਾਲਸਾ ਕਾਲਜ, ਅੰਮ੍ਰਿਤਸਰ।
ਜਨਵਰੀ ੧੩, ੧੯੫੧

ਸ੍ਰੀ ਮਾਨ ਜੀ,

ਤੁਹਾਡੀ ਦਫ਼ਤਰੀ ਚਿੱਠੀ* ਨੰ: ੧੧੧੫੨ ਮਿਤੀ ੪ ਜਨਵਰੀ ੫੧ ਦੇ ਉੱਤਰ ਵਿਚ ਬੇਨਤੀ ਹੈ ਕਿ ਤੁਸਾਂ ਇਹ ਅੱੜਾ ਕੀਤਾ ਹੈ ਜੋ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਗੁਰ-ਤਸਵੀਰਾਂ ਦੇ ਮਾਮਲੇ ਨੂੰ ਆਪਣੇ ਹੱਥਾਂ ਵਿਚ ਲੈਣ ਲੱਗੀ ਹੈ।

---

*ਸ਼੍ਰੋਮਣੀ ਕਮੇਟੀ ਨੇ ਹੇਠ ਲਿਖੀ ਚਿਠੀ ਪ੍ਰੋ: ਸਾਹਿਬ ਸਿੰਘ ਜੀ ਨੂੰ ਭੇਜੀ ਸੀ—

ਸ੍ਰੀ ਮਾਨ ਜੀ, ਵੇਖਣ ਵਿਚ ਆਉਂਦਾ ਹੈ ਕਿ ਗੁਰੂ ਸਾਹਿਬਾਨ ਦੀਆਂ ਤਸਵੀਰਾਂ ਵਖੋ ਵਖਰੇ ਨੁਹਾਰਾਂ, ਨਮੂਨਿਆਂ ਦੀ ਬਣਦੀਆਂ ਹਨ। ਜਿਸ ਤਰ੍ਹਾਂ ਕਿਸੇ ਚਿਤਰਕਾਰ ਦਾ ਜੀਅ ਕਰਦਾ ਹੈ ਉਸੇ ਤਰ੍ਹਾਂ ਦਾ ਰੂਪ ਬਣਾ ਦੇਂਦਾ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਵਿਚਾਰ ਹੈ ਕਿ ਸਭ ਗੁਰੂ ਸਾਹਿਬਾਨ ਦੀਆਂ ਅਜਿਹੀਆਂ ਤਸਵੀਰਾਂ ਬਣਾਈਆਂ ਜਾਣ ਜਿਨ੍ਹਾਂ ਨੂੰ ਪੰਥ ਦੇ ਚੋਣਵੇਂ ਪ੍ਰਮਾਣੀਕ ਮੰਨ ਲੈਣ। ਫਿਰ ਜਤਨ ਕੀਤੇ ਜਾਣ ਕਿ ਅਜਿਹੇ ਰੂਪ ਵਾਲੀਆਂ ਤਸਵੀਰਾਂ ਹੀ ਬਣਿਆ ਕਰਨ।

ਇਸ ਸੰਬੰਧੀ ਵਿਚਾਰ ਇਹ ਹੈ ਕਿ ਪਹਿਲਾਂ ਪੰਥ ਦੇ ਪਰਸਿਧ ਵਿਦਵਾਨਾਂ ਪਾਸੋਂ ਪਤਾ ਕੀਤਾ ਜਾਵੇ ਕਿ ਗੁਰੂ ਸਾਹਿਬਾਨ ਦੀਆਂ ਤਸਵੀਰਾਂ ਬਣਾਉਣ ਵਾਲੇ ਮੁਸੱਵਰ ਕਿਹੜੀਆਂ ਕਿਹੜੀਆਂ ਗੱਲਾਂ ਨੂੰ ਮੁਖ ਰੱਖਣ।

ਇਹਨਾਂ ਸੱਜਣਾਂ ਦੇ ਇਹ ਵਿਚਾਰ ਚੰਗੇ ਚੰਗੇ ਚਿਤਰਕਾਰਾਂ ਨੂੰ ਦੱਸੇ ਜਾਣਗੇ ਅਤੇ ਉਹਨਾਂ ਨੂੰ ਕਿਹਾ ਜਾਵੇਗਾ ਕਿ ਇਨ੍ਹਾਂ ਨੂੰ ਮੁਖ ਰੱਖ ਕੇ ਉਹ ਗੁਰੂ ਸਾਹਿਬਾਨ ਦੀਆਂ ਚੰਗੀਆਂ ਤੋਂ ਚੰਗੀਆਂ ਤਸਵੀਰਾਂ ਤਿਆਰ ਕਰਨ। ਇਹ ਤਸਵੀਰਾਂ ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਭੇਜਣ ਤੇ ਕਮੇਟੀ ਫਿਰ ਚੋਣਵੇਂ ਸਿੱਖਾਂ ਦੀ ਰਾਇ ਲਵੇ ਕਿ ਹਰ ਇਕ

[ਫੁਟਨੋਟ ਦੀ ਬਾਕੀ ਅਗਲੇ ਸਫ਼ੇ ਹੇਠ

www.AKJ.Org

ਪਰ ਮੈਨੂੰ ਇਸ ਗੱਲ ਦੀ ਹੈਰਾਨੀ ਹੋਈ ਹੈ ਕਿ ਤੁਸਾਂ ਸਿਰਫ ਇਕੋ ਪੱਖ ਹੀ ਲਿਆ ਹੈ। ਤੁਸਾਂ ਇਹ ਪਹਿਲਾਂ ਹੀ ਮਿਥ ਲਿਆ ਹੈ ਕਿ ਤਸਵੀਰ ਬਣਾਣ ਵਿਚ ਕੋਈ ਹਰਜ ਨਹੀਂ ਹੈ ਤੇ ਤਸਵੀਰ ਬਣਾਇਆਂ ਸਿੱਖ ਧਰਮ ਦੇ ਪਰਚਾਰ ਵਿਚ ਵਾਧਾ ਹੋਵੇਗਾ।

ਚੰਗੇ ਜਾਂ ਮੰਦੇ ਭਾਗਾਂ ਨੂੰ ਅਸੀ ਉਸ ਕੌਮ ਵਿਚੋਂ ਬਣੇ ਤੇ ਹੁਣ ਤਕ ਉਹਨਾਂ ਦੇ ਨਿਕਟੀ ਗੁਆਂਢੀ ਹਾਂ ਜੋ ਬੁਤ-ਪੂਜ ਹਨ ਤੇ ਜੋ ਆਪਣੇ ਮਹਾਂ ਪੁਰਸ਼ਾਂ ਦੇ ਸਾਂਗ ਬਣਾ ਕੇ ਉਹਨਾਂ ਨੂੰ ਰਾਸਾਂ ਵਿਚ ਨਚਾਣਾ ਮਾੜੀ ਗੱਲ ਨਹੀਂ ਸਮਝਦੇ।

ਇਹ ਬੜੀ ਔਖੀ ਖੇਡ ਸੀ ਕਿ ਖ਼ਾਲਸਾ ਪੰਥ ਉਸੇ ਨਿਸ਼ਾਨੇ ਤੇ ਟਿਕਿਆ ਰਹਿੰਦਾ ਜੋ ਗੁਰੂ ਪਾਤਿਸ਼ਾਹ ਨੇ ਇਸ ਨੂੰ ਸੌਂਪਿਆ ਸੀ। ਅਸੀ ਭੀ ਧਰਮ ਨੂੰ ਉਸੇ ਉਪਰਲੇ ਢੰਗ ਨਾਲ ਵੇਖਣ ਲਗ ਪਏ ਹਾਂ। ਇਸੇ ਕਰਕੇ ਸਾਨੂੰ ਉਹ ਬੁਤ-ਪ੍ਰਸਤੀ ਹੋਰ ਹੋਰ ਰੂਪਾਂ ਵਿਚ ਖਿੱਚ ਪਾ ਰਹੀ ਹੈ।

ਮੁਸਲਮਾਨ ਭੀ ਸਾਡੇ ਗੁਆਂਢ ਸਨ, ਪਰ ਹਿੰਦੂ ਕੌਮ ਤੋਂ ਲਈ ਹੋਈ ਛੂਤ-ਛਾਤ ਤੇ ਤੁਰਕਾਂ ਦੇ ਪਿਛਲੇ ਕੀਤੇ ਜ਼ੁਲਮਾਂ ਨੇ ਸਾਨੂੰ ਉਹਨਾਂ ਤੋਂ ਕੁਝ ਸਿੱਖਣ ਨਹੀਂ ਦਿੱਤਾ। ਉਹ ਲੋਕ ਤਸਵੀਰਾਂ ਤੇ ਬੁੱਤਾਂ ਤੋਂ ਬਿਨਾ ਹੀ ਬਿਗਾਨੀ ਬੋਲੀ ਵਿਚ ਮਿਲੀ ਹੋਈ ਬਾਣੀ ਨੂੰ ਪਿਆਰ ਕਰਨ ਤੇ ਉਸ ਅਨੁਸਾਰ ਆਪਣਾ ਜੀਵਨ ਬਣਾਣ ਦੇ ਜਤਨ ਕਰਦੇ ਆ ਰਹੇ ਹਨ ਤੇ ਇਸ ਵਿਚ- ਕਾਫ਼ੀ ਹੱਦ ਤਕ ਕਾਮਯਾਬ ਭੀ ਹੁੰਦੇ ਆ ਰਹੇ ਹਨ। ਭਾਈ ਗੁਰਦਾਸ ਜੀ ਨੇ ਬੜੇ ਹੀ ਸਾਫ਼ ਲਫ਼ਜ਼ਾਂ ਵਿਚ ਲਿਖਿਆ ਹੈ :— 'ਗੁਰ ਮੂਰਤਿ ਗੁਰ ਸਬਦੁ ਹੈ।'

ਇਸ **ਅਮਰ ਤਸਵੀਰ** ਦੇ ਹੁੰਦਿਆਂ ਸਿੱਖ ਕੌਮ ਨੂੰ ਮੁੜ ਨਾਸਵੰਤ ਤਸਵੀਰਾਂ ਵਲ ਪਰੇਰਨ ਦੇ ਜਤਨ ਪੰਥ ਨੂੰ ਹਜ਼ਾਰਾਂ ਸਾਲ ਪਿਛਾਂਹ ਲੈ ਜਾਣ ਦਾ ਵਸੀਲਾ ਬਣਨਗੇ।

ਪਰ ਤਸਵੀਰ ਭੀ ਉਹ, ਜੋ **ਨਿਰੋਲ ਫ਼ਰਜ਼ੀ** ਬਣਨੀ ਹੈ। ਕੀ ਗੁਰੂ ਨਾਨਕ ਪਾਤਿਸ਼ਾਹ ਦੇ **ਰੱਬੀ ਬਾਣ** ਸਚਮੁਚ ਆਪਣਾ ਤ੍ਰਿਖਾ-ਪਨ ਮਧਮ ਪਾ ਚੁਕੇ ਹਨ ਕਿ ਇਹਨਾਂ ਦਾ ਅਸਰ ਪਾਣ ਲਈ **ਫ਼ਰਜ਼ੀ ਤਸਵੀਰਾਂ** ਦੀ ਲੋੜ ਪੈ ਗਈ ਹੈ? ਇਸਲਾਮ ਨੂੰ ਇਹ ਲੋੜ ਨਹੀਂ ਪਈ।

ਨਿੱਕੇ ਨਿੱਕੇ ਗੁਰੂ ਬਣਨ ਦੇ ਚਾਹਵਾਨ ਅਤੇ ਮੱਥੇ ਟਿਕਾਣ ਦੇ ਆਸ਼ਕ ਕਈ ਸੰਤ ਮਹੰਤ ਹੁਣੇ ਹੀ ਇਹਨਾਂ ਤਸਵੀਰਾਂ ਨੂੰ ਧੂਪ ਧੁਖਾਂਦੇ, ਸੇਹਰੇ ਪਾਂਦੇ, ਮੱਥੇ ਟਿਕਾਂਦੇ ਵੇਖੇ ਜਾ ਰਹੇ ਹਨ। ਗੁਰੂ ਗਰੰਥ ਸਾਹਿਬ ਦੇ ਸਾਹਮਣੇ ਇਹ ਤਸਵੀਰਾਂ ਰੱਖ ਕੇ ਹਰੇਕ ਸਿੱਖ ਨੂੰ ਤਸਵੀਰਾਂ ਅਗੇ ਨਿਵਣ ਲਈ ਮਜਬੂਰ ਕੀਤਾ ਜਾਂਦਾ ਹੈ। ਤੇ ਜਦੋਂ ਇਸ ਤਸਵੀਰ-ਸਾਜ਼ੀ ਉੱਤੇ ਸ਼੍ਰੋਮਣੀ ਕਮੇਟੀ ਦੀ ਮੋਹਰ ਲੱਗ ਗਈ, ਰੱਬ ਜਾਣੇ ਇਹਨਾਂ ਤਸਵੀਰਾਂ ਦੀ 'ਆਰਤੀ' ਉਤਾਰਨ ਵਿਚ ਕੀ ਕੁਝ ਨਹੀਂ ਹੋਇਆ ਕਰੇਗਾ।

---

[੧੯ ਸਫ਼ੇ ਦੇ ਫੁਟਨੋਟ ਦੀ ਬਾਕੀ]

ਗੁਰੂ ਜੀ ਦੀ ਕਿਹੜੀ ਤਸਵੀਰ ਹਰ ਨੁਕਤੇ ਤੋਂ ਪ੍ਰਮਾਣੀਕ ਮੰਨੀ ਜਾਣ ਦੇ ਯੋਗ ਹੈ। ਫਿਰ ਇਹ ਤਸਵੀਰਾਂ ਹੀ ਪਰਚਲਤ ਕਰਨ ਦੇ ਜਤਨ ਕੀਤੇ ਜਾਣਗੇ।

ਸੋ ਆਪ ਅਗੇ ਬੇਨਤੀ ਹੈ ਕਿ ਆਪ ਨੇ ਆਪਣੀ ਸੋਚੀ-ਵਿਚਾਰੀ ਅਮੋਲਕ ਰਾਇ ਸ਼ੀਘਰ ਦੇਣ ਦੀ ਕਿਰਪਾਲਤਾ ਕਰਨੀ ਕਿ ਗੁਰੂ ਸਾਹਿਬਾਂ ਦੀਆਂ ਤਸਵੀਰਾਂ ਬਣਾਉਣ ਵੇਲੇ ਚਿਤਰਕਾਰ ਕਿਹੜੀਆਂ ਕਿਹੜੀਆਂ ਗੱਲਾਂ ਨੂੰ ਮੁਖ ਰੱਖਣ।

ਆਪ ਜੀ ਨੇ ਆਪਣੇ ਵਿਚਾਰ ਫ਼ਰਵਰੀ ੫੧ ਦੇ ਪਹਿਲੇ ਹਫ਼ਤੇ ਤਕ ਇਸ ਦਫ਼ਤਰ ਨੂੰ ਭੇਜਣ ਦੀ ਕਿਰਪਾਲਤਾ ਕਰਨੀ। ਧੰਨਵਾਦੀ ਹੋਵਾਂਗਾ।

ਦਾਸ : ਪਰਚਾਰ ਤੇ ਪਬਲਿਸਟੀ ਸਕੱਤਰ,
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ।


www.AKJ.Org

ਇਹ ਤਸਵੀਰਾਂ ਫਿਰ ਵਰਤੀਆਂ ਕਿਵੇਂ ਜਾਣਗੀਆਂ ? ਘਰਾਂ ਵਿਚ ਲੋਕ ਲਟਕਾਣਗੇ । ਤੇ ਇਸ ਤਰ੍ਹਾਂ ਇਹ ਤਸਵੀਰਾਂ ਕਮਰਿਆਂ ਦੀ 'ਸਿਰਫ਼ ਸਜਾਵਟ' ਦਾ ਕੰਮ ਦੇ ਕੇ ਉਤਨਾ ਹੀ 'ਆਦਰ-ਸਤਕਾਰ' ਲੈ ਸਕਣਗੀਆਂ, ਜਿਤਨਾ ਘਰ ਦੇ ਮਾਲਕ ਦੀਆਂ ਹੋਰ ਤਸਵੀਰਾਂ । ਸੁਤੇ ਹੀ ਸਿੱਖ ਆਪਣੇ ਗੁਰੂ-ਪਾਤਿਸ਼ਾਹ ਦੇ ਸਤਕਾਰ ਬਾਰੇ ਕਿੱਥੇ ਅੱਪੜ ਜਾਏਗਾ ? ਗੁਰੂ ਦੀ ਤਸਵੀਰ ਕਮਰੇ ਦੀ ਸਜਾਵਟ ਵਾਸਤੇ ਸੋਹਣੀਆਂ ਸੋਹਣੀਆਂ ਕੁੜੀਆਂ ਸਿਨੇਮਾ ਦੀਆਂ ਤਸਵੀਰਾਂ ਦੀ ਬਰਾਬਰੀ ਤੇ ਪਹੁੰਚ ਜਾਏਗੀ । ਹੁਣੇ ਹੀ ਪਹੁੰਚੀ ਹੋਈ ਹੈ । ਤਸਵੀਰਾਂ ਦੇ ਸ਼ੌਕੀਨਾਂ ਦੇ ਘਰਾਂ ਵਿਚ ਜਾ ਕੇ ਵੇਖ ਲਵੋ ।

ਇਸ ਤਰ੍ਹਾਂ ਤਸਵੀਰਾਂ ਦੀ ਸਰ-ਪ੍ਰਸਤ ਬਣ ਕੇ ਸ਼੍ਰੋਮਣੀ ਕਮੇਟੀ 'ਗੁਰ-ਮੂਰਤਿ ਗੁਰ ਸਬਦੁ' ਵਲੋਂ ਸਿੱਖਾਂ ਨੂੰ ਹਟਾ ਤਸਵੀਰ-ਪੂਜ ਬਣਾਏਗੀ ।

ਅਜ ਤੋਂ ੨੩ ਸਾਲਾਂ ਪਹਿਲਾਂ ਪ੍ਰੋ: ਸਾਹਿਬ ਸਿੰਘ ਜੀ ਦੇ ਕਹੇ ਹੋਏ ਸ਼ਬਦ ਤੇ ਖ਼ਤਰੇ ਭਿਆਨਕ ਰੂਪ ਧਾਰ ਕੇ ਹੁਣ ਕੌਮ ਦੇ ਸਾਹਮਣੇ ਪੇਸ਼ ਹਨ, ਜਿਨ੍ਹਾਂ ਦਾ ਕੋਈ ਇਲਾਜ ਸੁਝ ਨਹੀਂ ਰਿਹਾ । ਕੌਮ ਦੇ ਮਲਾਹ ਪ੍ਰਮਾਰਥੀ ਜੀਵਨ ਤੋਂ ਖੁੰਝੇ ਹੋਣ ਕਰਕੇ, ਅਤੇ ਫੋਕੀ ਸਿਆਸਤ ਵਿਚ ਰੁੜ੍ਹੇ ਹੋਣ ਕਾਰਨ ਅਕੀਂ ਪਲਾਈਂ ਹੱਥ ਮਾਰਦੇ ਫਿਰਦੇ ਹਨ, ਅਤੇ ਸਰਦਾ ਉਨ੍ਹਾਂ ਤੋਂ ਕੱਖ ਨਹੀਂ ।

ਪ੍ਰੋਫੈਸਰ ਜੀ ਦੀ ਉਪਰੋਕਤ ਚਿੱਠੀ ਰਾਹੀਂ ਚੇਤੰਨ ਕਰਨ ਦਾ ਸਿੱਟਾ ਉਦੋਂ ਇਹ ਨਿਕਲਿਆ ਕਿ ਸ਼੍ਰੋਮਣੀ ਕਮੇਟੀ ਦੇ ਉਸ ਵੇਲੇ ਦੇ ਪਰਬੰਧਕਾਂ ਨੇ ਭੈ-ਭੀਤ ਹੋ ਕੇ ਤਸਵੀਰਾਂ ਦਾ ਪ੍ਰੋਗਰਾਮ ਛਡ ਦਿਤਾ । ਪਰ ਸਹਿਜੇ ਸਹਿਜੇ ਭੈ-ਭਾਵਨੀ ਵਾਲੇ ਪਰਬੰਧਕ ਬਦਲਦੇ ਗਏ ਅਤੇ ਆਖ਼ਰ ਨੌਬਤ ਇਹ ਪੁਜੀ ਕਿ ਨਵ-ਖ਼ਿਆਲੀਆਂ ਤੇ ਨਵ-ਰੋਸ਼ਨੀਆਂ ਨੇ ਆ ਡੇਰੇ ਜਮਾਏ । ਮਨਮਤ ਦੀ ਨਵੀਂ ਰੋਸ਼ਨੀ ਦਾ ਭੂਤ ਉਨ੍ਹਾਂ ਦੇ ਸਿਰ ਸਵਾਰ ਸੀ । ਬਸ ਇਸੇ ਸ਼ੇਖੀ ਵਿਚ ਹੀ ਇਹ ਤਸਵੀਰਾਂ ਦਾ ਪ੍ਰੋਗਰਾਮ ਚਾਲੂ ਕਰ ਲਿਆ, ਜੋ ਕਿ ਵਧਦਾ ਵਧਦਾ ਅਤਿ ਸ਼ਰਮਨਾਕ ਦਸ਼ਾ ਤਕ ਪੁਜ ਚੁਕਾ ਹੈ । ਧਰਮ-ਅਸਥਾਨਾਂ ਦੀ ਪਵਿਤਰਤਾ ਭੰਗ ਕਰਨ ਕਰਾਉਣ ਵਿਚ ਉਨ੍ਹਾਂ ਨੇ ਵਧ ਚੜ੍ਹ ਕੇ ਹਿੱਸਾ ਲਿਆ । ਭੈ-ਭਾਵਨੀ-ਹੀਨ ਵਿਗੜੀਆਂ ਮਤਾਂ ਦੇ ਕਾਰੇ ਇਥੋਂ ਤਕ ਆ ਪੁਜੇ ਕਿ ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ, ਜੋ ਸਿਖ ਧਰਮ ਦਾ ਸ਼੍ਰੋਮਣੀ ਅਸਥਾਨ ਹੈ, ਦੀ ਪਰਕਰਮਾ ਅੰਦਰ ਫਿਲਮਿਸਤਾਨ ਦੇ ਪਹਿਲਵਾਨਾਂ ਦੇ ਡੇਰੇ ਲਗਵਾ ਦਿਤੇ । ਇਸ ਤੋਂ ਪਹਿਲਾਂ ਗਿਣੀ ਮਿਥੀ ਸਕੀਮ ਅਨੁਸਾਰ ਪੰਜ-ਸੌ ਸਾਲਾ ਗੁਰਪੁਰਬ ਮਨਾਉਣ ਦੇ ਪਰਦੇ ਹੇਠ, ਅੰਮ੍ਰਿਤ-ਸਰੋਵਰ ਦੇ ਚੌਗਿਰਦੇ ਵਰਾਂਡਿਆਂ ਉਪਰ ਫ਼ਿਲਮੀ ਸ਼ੂਟਿੰਗ ਲਈ ਸਰਚ-ਲਾਈਟਾਂ ਲਾ ਦਿਤੀਆਂ ਗਈਆਂ, ਜਿਨ੍ਹਾਂ ਤੇ ਕੌਮ ਦਾ ਕਈ ਲਖ ਰੁਪਿਆ ਰੋੜ੍ਹਿਆ ਗਿਆ ਦਸਿਆ ਜਾਂਦਾ ਹੈ । ਇਹ ਹੁਲੜੀ ਪਰਕਰਮਾ ਵਿਚ ਕਈ ਦਿਨ ਮਚਦੀ ਰਹੀ ਅਤੇ ਸਭ ਤੋਂ ਵਧ ਉਸ ਦਿਨ ਮਚੀ ਜਦੋਂ ਕਿ ਕਿਸੇ ਫ਼ਿਲਮੀ ਬਿਖਈ ਐਕਟਰ ਨੂੰ ਇਕ ਦਰਸ਼ਨੀ ਸਿਖ ਦਾ ਸਵਾਂਗ ਬਣਾ ਕੇ ਸ੍ਰੀ ਹਰਿਮੰਦਰ ਸਾਹਿਬ ਅੰਦਰ ਲਿਆਂਦਾ ਗਿਆ ਅਤੇ ਕਿਸੇ ਨਾਚੀ ਦੇ ਸੰਗ ਸਾਥ ਕਈ ਤਰ੍ਹਾਂ ਦੇ ਨਾਜ਼ੋ ਨਖ਼ਰਿਆਂ ਦੇ ਪੋਜ਼ਾਂ ਵਿਚ ਉਨ੍ਹਾਂ ਦੀਆਂ ਫ਼ੋਟੋ ਫਿਲਮਾਈਆਂ ਗਈਆਂ । ਸਾਡੇ ਮਾਨਯੋਗ ਤੇ ਪੂਜਨੀਕ ਸਾਰੇ ਗ੍ਰੰਥੀ ਸਾਹਿਬਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬੇ ਬੈਠੇ ਫਿਲਮੀ ਫ਼ੋਟੋਆਂ ਖਿਚਾ ਖਿਚਾ ਕੇ ਖ਼ੁਸ਼ ਹੁੰਦੇ ਰਹੇ ਅਤੇ ਨਾਮ ਬਾਣੀ ਕੀਰਤਨ ਦੀ ਥਾਂ ਇਹ ਫ਼ਿਲਮੀ ਨਜ਼ਾਰੇ ਤਕ ਤਕ ਗਦ ਗਦ ਹੁੰਦੇ ਰਹੇ । ਸੰਗਤਾਂ ਆਪ ਹੀ ਅੰਦਾਜ਼ਾ ਲਗਾ ਲੈਣ ਕਿ ਇਸ ਤੋਂ ਇਲਾਵਾ ਹੋਰ ਉਸ ਪਵਿਤਰ ਅਸਥਾਨ ਤੇ ਕੀ ਕੀ ਬੇਅਦਬੀਆਂ ਹੋਈਆਂ ਹੋਣਗੀਆਂ, ਜਿਨ੍ਹਾਂ ਨੂੰ ਵੇਖ ਸੁਣ ਕੇ ਭੈ-ਭਾਵਨੀ ਵਾਲੇ ਹਿਰਦੇ ਕੰਬ ਉਠਦੇ ਹਨ । ਇਸ ਪਹਿਲੀ ਫ਼ਿਲਮ ਤੋਂ ਬਾਅਦ ਦੂਜੀ, ਤੀਜੀ, ਚੌਥੀ ਬਣਾਉਣ ਲਗਿਆਂ ਹੋਰ ਕੀ ਕੀ ਘੋਰ ਬੇਅਦਬੀਆਂ ਹੋਈਆਂ ਹੋਣਗੀਆਂ ।

ਹੁਣ ਅਖ਼ਬਾਰਾਂ ਵਿਚ ਚਰਚਾ ਹੈ ਕਿ 'ਗੁਰੂ ਮਾਨਿਓ ਗ੍ਰੰਥ' ਨਾਮੀ ਫ਼ਿਲਮ ਫ਼ਿਲਮਾਈ ਜਾ ਰਹੀ ਹੈ । ਕੀ ਅਸੀਂ ਇਹ ਸਭ ਕੁਝ ਬਰਦਾਸ਼ਤ ਕਰੀ ਜਾਵਾਂਗੇ ? ਸਿਨਮਾ-ਹਾਲਾਂ ਵਿਚ ਸਿਗਰਟਾਂ ਦੇ ਧੂੰਏਧਾਰ ਬਦਲ ਤਾਂ

www.AKJ.Org

ਆਮ ਹੁੰਦੇ ਹਨ । ਉਥੇ ਹਰ ਤਰ੍ਹਾਂ ਦੀ ਮੰਦੀ ਵਾਸ਼ਨਾ ਵਾਲੇ ਕਾਮੀ, ਸ਼ਰਾਬੀ, ਕਬਾਬੀ, ਜੁਆਰੀਏ ਤੇ ਐਸ਼-ਪ੍ਰਸਤ ਲੋਕ ਰੰਗ-ਰਲੀਆਂ ਮਾਣਨ ਜਾਂਦੇ ਹਨ, ਨਾ ਕਿ ਕੋਈ ਧਾਰਮਕ ਜੀਵਨ ਬਣਾਉਣ ਖ਼ਾਤਰ । ਸੋ ਅਜਿਹੇ ਗੰਦੇ ਵਾਤਾਵਰਨ ਵਾਲੇ ਭ੍ਰਿਸ਼ਟ ਥਾਂ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਵਿਖਾਏ ਜਾਣੇ ਅਤੇ ਬਿਖਈ ਲੋਗਾਂ ਦੇ ਫੋਕੇ ਦਿਲ-ਬਹਿਲਾਵੇ ਲਈ ਚੰਚਲ ਟੋਨਾਂ ਵਿਚ ਪਵਿਤਰ ਗੁਰਬਾਣੀ ਦਾ ਗਾਇਆ ਜਾਣਾ ਘੋਰ ਪਾਪ ਹੈ। ਕਿਥੇ ਤਾਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਅੰਮ੍ਰਿਤ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਲਕੀ ਸਾਹਿਬ ਵਿਚ ਲਿਜਾਏ ਜਾਣ ਸਮੇਂ ਸੰਗਤਾਂ ਦਾ ਭੈ-ਭਾਵਨੀ ਵਿਚ ਕਦਮ ਕਦਮ ਤੇ ਨਿਉਂ ਨਿਉਂ ਕੇ ਜੁਹਾਰਾਂ ਕਰਨਾ, ਪਰਦਖਣਾ ਲੈਣਾ ਅਤੇ ਪਾਲਕੀ ਨੂੰ ਵਾਰੀ ਵਾਰੀ ਮੋਢੇ ਦੇਣੇ ਅਤੇ ਬੇਨਤੀ ਤੇ ਬੈਰਾਗ ਵਿਚ ਸ਼ਬਦ ਗਾਉਣੇ, ਅਤੇ ਕਿਥੇ ਸਿਨਮੇ-ਹਾਲ ਦੇ ਗੰਦੇ ਵਾਤਾਵਰਣ ਵਿਚ ਬਿਖਈ, ਸ਼ਰਾਬੀ ਤੇ ਸਿਗਰਟਾਂ ਦੇ ਕਸ਼ ਲਾ ਰਹੇ ਤਮਾਸ਼ਬੀਨਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਦਿਖਾਉਣਾ । ਇਹ ਕਿਥੋਂ ਤਕ ਸ਼ੋਭਾ ਪਾਉਂਦਾ ਹੈ ?

ਕੀ ਸਾਡੇ ਆਗੂ ਦਸ ਸਕਦੇ ਹਨ ਕਿ ਅਜਿਹੀ ਖੁਲ੍ਹ ਦੇ ਕੇ ਉਨ੍ਹਾਂ ਨੇ ਸਿਖੀ ਦਾ ਕਿੰਨਾ ਕੁ ਪਰਚਾਰ ਕੀਤਾ ਹੈ ? ਇਨ੍ਹਾਂ ਫ਼ਿਲਮਾਂ ਨੂੰ ਵੇਖ ਕੇ ਕਿੰਨਿਆਂ ਕੁ ਨੇ ਅੰਮ੍ਰਿਤ ਛਕਿਆ, ਕਿੰਨਿਆਂ ਕੁ ਨੇ ਪਤਿਤ ਕਰਮ ਕਰਨੇ ਛਡੇ ਅਤੇ ਕਿਤਨਿਆਂ ਨੇ ਸਿਖੀ ਜੀਵਨ ਨੂੰ ਅਪਣਾਇਆ ?

ਕੋਮ ਦੀ ਇਸ ਦੁਰਦਿਸ਼ਾ ਨੂੰ ਦੇਖ ਕੇ ਭੈ-ਭਾਵਨੀ ਵਾਲੇ ਹਿਰਦਿਆਂ ਅੰਦਰ ਹਾਹਾਕਾਰ ਮਚ ਰਹੀ ਹੈ। ਜੋ ਹੁਣ ਹੋਲੀ ਹੋਲੀ ਬੇਸਾਖ਼ਤਾ ਹੋ ਕੇ ਜ਼ਬਾਨ ਤੇ ਆਉਣੀ ਸ਼ੁਰੂ ਹੋ ਗਈ ਹੈ, ਜਿਸ ਦੀ ਮਿਸਾਲ ਗੁਰਮਤਿ ਵਿਚਾਰ ਪੱਤ੍ਰਕਾ ਜਲੰਧਰ, ੧੫ ਜੁਲਾਈ ੭੪ ਵਿਚ ਛਪੀ ਹੇਠ ਲਿਖੀ ਖ਼ਬਰ ਹੈ—

ਬੰਬਈ (ਡਾਕ)—ਗਿਆਨੀ ਜੀਤ ਸਿੰਘ ਜੀ ਨੇ ਬੰਬਈ ਤੋਂ ਸੂਚਨਾ ਭੇਜੀ ਹੈ ਕਿ ਸਿੰਘ ਸਭਾ ਸ਼ਤਾਬਦੀ ਕਮੇਟੀ ਦੀ ਮੀਟਿੰਗ ਵਿਚ ਇਕ ਗੁਰਮਤਾ ਪਾਸ ਕਰ ਕੇ ਜ਼ੋਰਦਾਰ ਮੰਗ ਕੀਤੀ ਗਈ ਕਿ **ਸਿਖ ਧਰਮ ਸੰਬੰਧੀ ਕਿਸੇ ਪਰਕਾਰ ਦੀ ਕੋਈ ਫ਼ਿਲਮ ਨਾ ਬਣਨ ਦਿਤੀ ਜਾਵੇ । ਸ਼੍ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ ਵਲੋਂ ਫ਼ਿਲਮਾਂ ਬਣਾਣ ਦੀ ਦਿਤੀ ਆਗਿਆ ਫ਼ੌਰਨ ਵਾਪਸ ਲਈ ਜਾਵੇ ਅਤੇ ਐਲਾਨ ਕਰੇ ਕਿ ਅਗੋਂ ਅਜਿਹੀ ਆਗਿਆ ਨਹੀਂ ਦਿਤੀ ਜਾਏਗੀ ।**

ਗਿਆਨੀ ਜੀ ਨੇ ਲਿਖਿਆ ਹੈ ਕਿ "ਸਤਿਗੁਰੂ ਨਾਨਕ ਬਖ਼ਸ਼ਣਹਾਰ" ਫ਼ਿਲਮ ਵੇਖ ਕੇ ਸਿਖਾਂ ਦਾ ਹਿਰਦਾ ਤੜਪ ਉਠਦਾ ਹੈ । ਇਹ ਫ਼ਿਲਮ ਬੜੀ ਬੇਹੂਦਾ ਹੈ, ਜਿਸ ਵਿਚ ਸਿਖ ਇਤਿਹਾਸ ਨੂੰ ਬੜੇ ਗ਼ਲਤ ਢੰਗ ਨਾਲ ਪੇਸ਼ ਕੀਤਾ ਗਿਆ ਹੈ । ਭਾਈ ਮਰਦਾਨਾ ਤੇ ਭਾਈ ਲਾਲੋ ਦੇ ਸੀਨ ਬੜੇ ਅਪਮਾਨ-ਜਨਕ ਢੰਗ ਨਾਲ ਵਿਖਾਏ ਗਏ ਹਨ, ਜਿਨ੍ਹਾਂ ਨੂੰ ਵੇਖ ਕੇ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ । ਬੰਬਈ ਦੀ ਹਰੇਕ ਸਿਖ ਸੰਸਥਾ ਇਸ ਫ਼ਿਲਮ ਵਿਰੁੱਧ ਅਵਾਜ਼ ਉਠਾ ਰਹੀ ਹੈ ।

ਇਥੋਂ ਦੇ ਸਿੰਘ ਬੜੀ ਚੰਗੀ ਤਰ੍ਹਾਂ ਸਮਝਦੇ ਹਨ ਕਿ ਸਿਖਾਂ ਦੀਆਂ ਧਾਰਮਕ ਫ਼ਿਲਮਾਂ ਸਿਖ ਧਰਮ ਦੇ ਪਰਚਾਰ ਲਈ ਲਾਭਦਾਇਕ ਨਹੀਂ, ਸਗੋਂ ਸਖ਼ਤ ਹਾਨੀਕਾਰਕ ਹਨ । ਇਸ ਲਈ ਅਜਿਹੀਆਂ ਫ਼ਿਲਮਾਂ ਬਣਾਣ ਤੇ ਹਮੇਸ਼ਾ ਲਈ ਪਾਬੰਦੀ ਲਗਾਈ ਜਾਣੀ ਚਾਹੀਦੀ ਹੈ। ਬੰਬਈ ਦੇ ਸਿਖ ਇਸ ਬੁਰਿਆਈ ਨੂੰ ਖ਼ਤਮ ਕਰਨ ਲਈ ਤਿਆਰ ਹੋ ਗਏ ਹਨ ।

ਸੂਰਾ ਪਰਬੰਧਕ ਬੋਰਡ ਉਪਰੋਕਤ ਮਤੇ ਦੀ ਪੁਰ-ਜ਼ੋਰ ਪ੍ਰੋੜ੍ਹਤਾ ਕਰਦਾ ਹੈ ਅਤੇ ਸ਼੍ਰੋਮਣੀ ਕਮੇਟੀ ਨੂੰ ਬਿਨੇ ਕਰਦਾ ਹੈ ਕਿ ਫ਼ਿਲਮਾਂ ਬਾਰੇ ਦਿਤੀ-ਆਗਿਆ ਛੇਤੀ ਤੋਂ ਛੇਤੀ ਵਾਪਸ ਲਈ ਜਾਵੇ ਅਤੇ ਸਿਖ ਧਰਮ ਬਾਰੇ ਹੁਣ ਤਕ ਬਣ ਚੁਕੀਆਂ ਫ਼ਿਲਮਾਂ ਨੂੰ ਵਿਖਾਣ ਤੇ ਪਾਬੰਦੀ ਲਗਵਾ ਦਿਤੀ ਜਾਵੇ ।

ਹੋਰ ਸਿਖ ਸੰਗਤਾਂ, ਸੰਪਰਦਾਵਾਂ, ਸਿੰਘ ਸਭਾਵਾਂ ਤੇ ਹਿਤੈਸ਼ੀ ਸਜਣਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਉਹ ਥਾਂ ਥਾਂ ਤੋਂ ਇਸ ਭਾਵ ਦੇ ਮਤੇ ਪਾਸ ਕਰ ਕੇ ਭੇਜਣ (ਜਿਸ ਦੀ ਕਾਪੀ 'ਸੂਰਾ' ਮਾਸਕ ਪੱਤਰ ਨੂੰ ਵੀ ਭੇਜੀ ਜਾਵੇ) ਤਾਂ ਜੁ ਸ਼੍ਰੋਮਣੀ ਗੁ: ਪ੍ਰ: ਕਮੇਟੀ ਇਸ ਫ਼ਿਲਮੀ ਪਰਚਾਰ ਨੂੰ ਬੰਦ ਕਰਨ ਲਈ ਮਜਬੂਰ ਹੋ ਜਾਵੇ ।

www.AKJ.Org

# ਕੇਸਕੀ (ਛੋਟੀ ਦਸਤਾਰ) ਤੇ ਸਿੰਘ

[ ਵਲੋਂ—ਗਿਆਨੀ ਗੋਪਾਲ ਸਿੰਘ ਜੀ 'ਮਿਤਰ', ਮਾਲਬ (ਗੁੜਗਾਉਂ) ]

'ਕੇਸਕੀ' ਦਾ ਪਦ ਅਰਥ ਹੈ 'ਕੇਸਾਂ ਦੀ', ਭਾਵ ਕੇਸਾਂ ਦੀ ਸੰਭਾਲ ਲਈ ਵਰਤਣ ਵਾਲੀ 'ਛੋਟੀ ਦਸਤਾਰ'। ਹਰ ਅੰਮ੍ਰਿਤ-ਧਾਰੀ ਸਿੰਘ ਲਈ, ਜਿਸ ਨੇ ਪੰਜਾਂ ਪਿਆਰਿਆਂ ਰਾਹੀਂ ਕਿਸੇ ਜਥੇ ਤੋਂ ਵੀ ਅੰਮ੍ਰਿਤ ਪਾਨ ਕੀਤਾ ਹੋਵੇ, ਇਹ 'ਕੇਸਕੀ' ਉਪਰਲੀ ਦਸਤਾਰ ਦੇ ਬੰਨ੍ਹਣ ਤੋਂ ਪਹਿਲਾਂ ਕੇਸਾਂ ਤੇ ਸਜਾਉਣੀ ਜ਼ਰੂਰੀ ਹੈ ਤੇ ਰਾਤ ਦੇ ਸਮੇਂ ਜਦੋਂ ਪਗ ਨੂੰ ਚੁਣ ਕੇ ਰਖਣਾ ਹੈ "ਪਾਗ ਚੁਨੇ ਕਰ ਬਾਂਧਈ" ਸੌਣ ਦੇ ਸਮੇਂ ਇਹ ਕੇਸਕੀ (ਛੋਟੀ ਦਸਤਾਰ) ਸਜਾਈ ਰਖਣੀ ਜ਼ਰੂਰੀ ਹੈ।

'ਕੇਸਕੀ' ਕੇਵਲ ਚਿੱਟੀ (ਸਫੈਦ), ਸੁਰਮਈ (ਕਾਲੀ), ਜਾਂ ਬਸੰਤੀ (ਪੀਲੀ) ਹੀ ਹੋ ਸਕਦੀ ਹੈ, ਕਿਸੇ ਹੋਰ ਰੰਗ ਦੀ ਨਹੀਂ; ਕਿਉਂਕਿ ਸਫੈਦ ਰੰਗ ਨਿਰਮਲ ਮਨ ਵਾਲੇ (ਹੰਸ) ਦਾ ਸੰਕੇਤ ਹੈ, "ਹੰਸਾਂ ਹੀਰਾ ਮੋਤੀ ਚੁਗਣਾ" ਤੇ ਦੂਜਾ ਸੁਰਮਈ ਰੰਗ ਵੀ ਪੰਥ ਵਿਚ ਪ੍ਰਵਾਨ ਹੈ। ਸਿੰਘ ਸਭਾ ਲਹਿਰ ਸਮੇਂ ਦੇ ਸਾਰੇ ਹੀ ਸਿੰਘਾਂ ਦੇ ਦਸਤਾਰੇ ਸੁਰਮਈ ਹੁੰਦੇ ਸਨ ਤੇ ਹੁਣ ਵੀ ਬਹੁਤੇ ਸਿੰਘ ਇਸ ਰੰਗ ਦੇ ਦਸਤਾਰੇ ਸਜਾਂਦੇ ਹਨ ਤੇ ਅੰਦਰ ਬਸੰਤੀ ਕੇਸਕੀ ਰਖਦੇ ਹਨ। ਬਸੰਤੀ ਰੰਗ ਖ਼ਾਲਸਾ ਜੀ ਦੇ ਹਰ ਥਾਂ ਝੂਲਦੇ ਨਿਸ਼ਾਨ ਸਾਹਿਬ ਦੇ ਫਰੇਰੇ ਦਾ ਹੈ। ਇਸ ਲਈ ਕੇਸਕੀ ਇਨ੍ਹਾਂ ਤਿੰਨਾਂ ਰੰਗਾਂ ਵਿਚ ਹੀ ਪ੍ਰਵਾਨ ਹੈ। ਭਾਈ ਰਣਧੀਰ ਸਿੰਘ ਜੀ ਵਲੋਂ ਕੇਸਕੀ (ਛੋਟੀ ਦਸਤਾਰ) ਨੂੰ ਕਕਾਰ ਰੂਪ ਵਿਚ ਅਲੋਪ ਹੁੰਦੀ ਜਾ ਰਹੀ ਰਹਿਤ ਰਹਿਣੀ ਨੂੰ ਨਵੇਂ ਸਿਰੇ ਸੁਰਜੀਤ ਕਰਨਾ ਵੀ ਇਕ ਭੇਦ ਭਰਿਆ ਗੁਹਜ ਭਾਵ ਹੈ। ਇਹ ਗੁਰਮਤਿ ਅਸੂਲ ਦ੍ਰਿੜ੍ਹ ਕਰਾਉਣ ਦੀ ਕਰੜੀ ਚੇਤਾਵਨੀ ਦਾ ਸੰਕੇਤ ਹੈ ਕਿ ਸਿੰਘ ਇਸ 'ਕੇਸਕੀ'—ਨੂੰ ਆਪਣੇ ਸ੍ਰੀਰ ਦਾ ਇਕ ਜ਼ਰੂਰੀ ਅੰਗ ਸਮਝਣ ਤੋਂ ਅਵੇਸਲੇ ਨਾ ਹੋ ਜਾਣ। ਗਹੁ ਨਾਲ ਵੇਖਿਆ ਜਾਵੇ ਤਾਂ ਇਹ ਮੰਨਣਾ ਪੈਂਦਾ ਹੈ ਕਿ ਕੇਸਕੀ ਦਾ, ਹਰ *ਗੁਰਸਿਖ ਦੇ ਦਸਤਾਰੇ ਹੇਠ ਹੋਣਾ ਬਹੁਤ ਜ਼ਰੂਰੀ ਹੈ ਕਿਉਂਕਿ ਜਦੋਂ ਵੀ, ਦਿਨ ਜਾਂ ਰਾਤ ਨੂੰ ਗੁਰਸਿਖ ਆਰਾਮ ਕਰਨਾ ਮਹਿਸੂਸ ਕਰਦਾ ਹੈ ਤਾਂ ਦਸਤਾਰਾ ਉਤਾਰਨਾ ਅਵੱਸ਼ ਹੋ ਜਾਂਦਾ ਹੈ ਤੇ ਗੁਰਸਿਖ ਦਾ ਨੰਗੇ ਸੀਸ ਰਹਿਣਾ ਗੁਰੂ-ਹੁਕਮਾਂ ਵਿਰੋਧੀ ਵਿਚਾਰ ਹੈ।

'ਨਗਨ ਸੀਸ ਬਾਹਰ ਫਿਰੇ, ਨਗਨ ਸੀਸ ਜੋ ਖਾਇ।
ਨਗਨ ਪ੍ਰਸਾਦ ਜੋ ਬਾਂਟਈ ਤਨਖਾਹੀ ਬਡੋ ਕਹਾਇ'॥
(ਰਹਿਤਨਾਮਾ ਭਾ: ਚੌਂਪਾ ਸਿੰਘ ਜੀ)

ਇਸ ਲਈ ਗੁਰਸਿਖ ਨੂੰ ਲੋੜ ਹੁੰਦੀ ਹੈ ਕਿ ਉਹ ਪਵਿਤਰ ਕੇਸਾਂ ਦਾ ਅਦਬ ਸਤਿਕਾਰ ਰਖਣ ਦੀ ਵਿਚਾਰ-ਧਾਰਾ ਅਨੁਸਾਰ, ਕੇਸਕੀ (ਛੋਟੀ ਦਸਤਾਰ) ਰਖੇ। ਇਸ ਨੂੰ ਸਜਾ ਕੇ ਮੈਦਾਨ ਮਾਰਨ, ਪ੍ਰਸ਼ਾਦ ਛਕਣ, ਘਰ ਵਿਚ ਬੈਠਣ ਤੁਰਨ ਜਾਂ ਬਜ਼ਾਰ ਵਿਚ ਘਰੋਗੀ ਵਸਤੂਆਂ ਨੂੰ ਖਰੀਦਣ ਆਦਿ, ਸਮੇਂ ਸੰਸਾਰੀ ਕਾਰ ਨਿਭਾ ਸਕਦਾ ਹੈ।

ਕੇਸਕੀ (ਛੋਟੀ ਦਸਤਾਰ) ਦੀ ਵਿਰੋਧਤਾ ਕਰਨਾ ਇਕ ਛੋਟੇ ਪਨ ਦਾ ਅਹਿਸਾਸ ਹੈ। ਕਿਉਂਕਿ ਅਜ ਕਲ੍ਹ ਦੇ ਆਮ ਅੰਮ੍ਰਿਤਧਾਰੀ ਸਿੰਘ ਰਹਿਤ ਬਹਿਤ ਵਲੋਂ ਖੁਲ੍ਹ ਵਾਲੇ ਵਾਤਾਵਰਣ ਦੇ ਚਾਹਵਾਨ ਹੁੰਦੇ ਜਾ ਰਹੇ ਹਨ ਤੇ ਉਹ ਸਿੰਘ ਦਸਤਾਰੇ ਵੀ ਕਲਫ਼ ਵਾਲੇ (ਜੋ ਰੋਜ਼ ਚੁਣ ਕੇ ਨਹੀਂ ਰਖੇ ਜਾ ਸਕਦੇ) ਸਜਾਂਦੇ ਹਨ ਤੇ ਉਤਾਰ ਕੇ ਕਿਲੀਆਂ ਤੇ ਟੰਗ ਦੇਂਦੇ ਅਤੇ ਸਵੇਰੇ ਫੇਰ ਫਿਫ਼ਟੀ ਬੰਨ੍ਹ ਕੇ ਉਪਰੋਂ ਦਸਤਾਰੇ ਟੋਪੀ ਵਾਂਗ ਸੀਸ ਤੇ ਰਖ ਲੈਂਦੇ ਹਨ। ਉਹ ਕੇਸਕੀ ਨੂੰ ਜ਼ਰੂਰੀ ਨਹੀਂ ਸਮਝਦੇ ਤੇ ਵਿਰੋਧੀ ਦਲੀਲਾਂ ਪੇਸ਼ ਕਰਦੇ ਹਨ।

ਅਜ ਕਲ੍ਹ ਦੇ ਨਵੀਨ ਢੰਗ (ਫਿਫ਼ਟੀ) ਦੀ ਥਾਂ ਵੀ ਕੇਸਕੀ ਚੰਗੀ ਤਰ੍ਹਾਂ ਪੂਰੀ ਕਰ ਸਕਦੀ ਹੈ। ਜਿਹੜੇ ਨੌਜੁਆਨ ਅਜੇ ਅੰਮ੍ਰਿਤ ਦੀ ਦਾਤ ਤੋਂ ਵਾਂਜੇ ਹਨ, ਖੁਲ੍ਹੇ ਵੀਚਾਰਾਂ ਦੇ ਹੁੰਦਿਆਂ ਵੀ ਜੇਕਰ ਕੇਸਕੀ ਨੂੰ ਅਪਣਾ ਲੈਣ ਤਾਂ ਉਨ੍ਹਾਂ ਦੇ ਮਨ ਵਿਚ ਸੁਭਾਵਕ ਹੀ ਗੁਰਸਿਖੀ ਵਿਚਾਰ-ਧਾਰਾ ਪ੍ਰਵਿਰਤ ਹੋਣ ਦੀ ਕਾਫ਼ੀ ਤੋਂ ਜ਼ਿਆਦਾ ਆਸ ਕੀਤੀ ਜਾ ਸਕਦੀ ਹੈ।

ਇਹ ਅਟੱਲ ਸਚਾਈ ਹੈ ਕਿ ਗੁਰੂ ਦਾਤਾਰ ਕਲਗੀਆਂ ਵਾਲੇ ਪਾਤਸ਼ਾਹ ਦੇ ਸਾਜੇ ਨਿਵਾਜੇ ਗੁਰਮੁਖ

---

*ਬੀਬੀਆਂ ਲਈ ਕੇਸਕੀ ਦਾ ਹੋਣਾ ਉਨਾ ਹੀ ਜ਼ਰੂਰੀ ਹੈ ਜਿੰਨਾ ਸਿੰਘਾਂ ਲਈ। ਇਸ ਸਬੰਧ ਵਿਚ ਨਾਲ ਦਾ ਲੇਖ "ਕੇਸਕੀ ਤੇ ਸਿੰਘਣੀਆਂ" ਪੜ੍ਹੋ ਜੀ। —ਸੰਪਾਦਕ

www.AKJ.Org

ਗੁਰਸਿਖ ਕੇਸਕੀ-ਧਾਰੀ ਦੇ ਦਰਸ਼ਨ ਕਰਦਿਆਂ ਹੀ ਤਨ ਮਨ ਖਿੜ ਜਾਂਦਾ ਹੈ । ਉਸ ਸੋਹਣੇ ਜਥੇ ਵਾਲੇ ਮੂੰਹ-ਮੁਹਾਂਦਰੇ ਦੇ ਸੁੰਦਰ ਦੀਦਾਰ ਹੀ ਕਲਗੀਆਂ ਵਾਲੇ ਦੇ ਦੀਦਾਰ ਹਨ। ਕਲਗੀਧਰ ਜੀ ਦੇ ਆਪਣੇ ਪਾਵਨ ਮੁਖਾਰਬਿੰਦ ਤੋਂ ਉਚਾਰਨ ਕੀਤਾ ਫੁਰਮਾਨ ਹੈ, "ਤੀਸਰ ਰੂਪ ਸਿਖ ਹੈ ਮੋਰ" । ਇਹ ਇਸ਼ਾਰਾ ਅੰਮ੍ਰਿਤ ਧਾਰੀ, ਤਿਆਰ ਬਰ ਤਿਆਰ, ਰਹਿਤ ਬਹਿਤ ਵਿਚ ਪ੍ਰਪੱਕ, ਹਰਦਮ ਚੜ੍ਹਦੀ ਕਲਾ ਅੰਦਰ ਵਿਚਰਨ ਵਾਲੇ ਗੁਰਸਿਖ ਵਲ ਹੈ, ਜਿਸ ਨੂੰ ਦਾਤਾਰ ਨੇ 'ਖ਼ਾਲਸਾ' ਪਦ ਨਾਲ ਨਿਵਾਜ ਕੇ ਆਪਣਾ ਰੂਪ ਹੀ ਦਰਸਾਇਆ ਹੈ । ਤੇ ਐਸੇ ਧਰਮ-ਧਾਰਨੀ ਖ਼ਾਲਸਾ ਜੀ ਤੋਂ ਆਪ ਤਨ ਮਨ ਧਨ ਨਿਛਾਵਰ ਕਰਦੇ ਹਨ,

"ਮੋ ਗ੍ਰਿਹ ਮਹਿ ਤਨ ਤੇ ਮਨ ਤੇ
ਧਨ ਤੇ ਸਿਰ ਲੌ ਸਭ ਹੈ ਇਨਹੀ ਕੋ" ।

ਖ਼ਾਲਸਾ ਜੀ ਨੂੰ ਸਤਿਗੁਰੂ ਨੇ ਨਿਆਰਾ ਰੂਪ ਤੇ ਨਿਆਰਾ ਵੇਸ ਬਖ਼ਸ਼ਿਆ, ਤੇ ਫੁਰਮਾਇਆ ਹੈ,

"ਜਬ ਲਗ ਰਹੇ ਖ਼ਾਲਸਾ ਨਿਆਰਾ ।
ਤਬ ਲਗ ਤੇਜ ਦੀਉ ਮੈਂ ਸਾਰਾ" ।

ਪਰ ਅਜ ਦੇ ਸਮੇਂ ਦਾ ਸਿੰਘ ਖ਼ਾਲਸਾ ਪਦ ਦਾ ਧਾਰਨੀ ਬਣਨ ਤੋਂ ਵੀ ਕੰਨੀ ਕਤਰਾਂਦਾ ਹੈ ਤੇ ਆਪਣੇ ਸਰੂਪ, ਆਪਣੇ ਵੇਸ ਤੇ ਵੀ ਇਤਰਾਜ਼ ਕਰਨ ਤੋਂ ਸੰਕੋਚ ਨਹੀਂ ਕਰਦਾ ।

ਖ਼ਾਲਸਾ ਜੀ ! ਗੁਰੂ ਕੀਆਂ ਲਾਡਲੀਆਂ ਫ਼ੌਜਾਂ ਵਿਚ ਸ਼ੁਮਾਰ ਹੋਣ ਲਈ, ਗੁਰੂ ਪਾਤਸ਼ਾਹ ਦੀਆਂ ਖ਼ੁਸ਼ੀਆਂ ਪ੍ਰਾਪਤ ਕਰਨ ਲਈ 'ਪੀਉ ਪਾਹੁਲ ਖੰਡੇ ਧਾਰ ਹੋਇ ਜਨਮ ਸੁਹੇਲਾ' । "ਸਾਬਤ ਸੂਰਤ ਦਸਤਾਰ ਸਿਰਾ" ਸੀਸ ਤੇ ਕੇਸਕੀ ਸਹਿਤ ਦੁਮਾਲੇ (ਦਸਤਾਰੇ) ਸਜਾ ਕੇ ਆਪਣੇ ਨਿਆਰੇ ਰੂਪ ਤੇ ਨਿਆਰੇ ਵੇਸ ਨੂੰ ਸਦਾ ਲਈ ਕਾਇਮ ਰਖੋ । ਸਤਿਗੁਰੂ ਆਪ ਬਲ ਪ੍ਰਦਾਨ ਕਰਨਗੇ ।

ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤੇ ॥

---

## ਪਿੰਡ ਗਿਲਾਂ (ਜਲੰਧਰ) ਵਿਖੇ ਰੈਣ-ਸਬਾਈ ਤੇ ਅੰਮ੍ਰਿਤ-ਸੰਚਾਰ

ਸ: ਗੁਰਮੇਜ ਸਿੰਘ ਜੀ ਇੰਗਲੈਂਡ ਵਾਲੇ ਇਤਲਾਹ ਦਿੰਦੇ ਹਨ ਕਿ ਸੰਗਤਾਂ ਦੀ ਖਿਚ ਤੇ ਪ੍ਰੇਰਨਾ ਸਦਕਾ ਗਿਲਾਂ ਪਿੰਡ ਵਿਖੇ ੧੭ ਅਗਸਤ ੧੯੭੪ ਸ਼ਨੀਵਾਰ ਦੀ ਰਾਤ ਨੂੰ ਰੈਣ-ਸਬਾਈ ਕੀਰਤਨ ਅਤੇ ਅੰਮ੍ਰਿਤ-ਸੰਚਾਰ ਸਮਾਗਮ ਕੀਤੇ ਜਾ ਰਹੇ ਹਨ । ਥਾਂ-ਪਰ-ਥਾਂ ਤੋਂ ਅਖੰਡ ਕੀਰਤਨੀ ਜਥੇ ਅਤੇ ਗੁਰੂ-ਪਿਆਰੇ ਕੀਰਤਨ-ਰਸੀਏ ਹਾਜ਼ਰੀਆਂ ਭਰਨਗੇ । ਸੰਗਤਾਂ ਨੂੰ ਲਿਜਾਣ ਲਈ ਜਲੰਧਰ ਨਵੇਂ ਅਡੇ ਤੋਂ ੬-੩੦ ਸ਼ਾਮ ਨੂੰ ਬਸ ਚਲੇਗੀ । ਜੇ ਕੋਈ ਲੇਟ ਹੋਵੇ ਤਾਂ ਬਾਅਦ ਵਿਚ ੭-੩੦ ਸ਼ਾਮ ਨੂੰ ਟਰੱਕ ਚਲੇਗਾ ।

ਦਰਸ਼ਨ ਅਭਿਲਾਖੀ—ਸੰਗਤ ਗਿਲਾਂ

---

**'ਸੂਰਾ' ਨਾ ਪੁਜਣ ਬਾਰੇ ਰੋਸ**—ਅਸੀਂ ਹਰ ਮਹੀਨੇ ਦੀ ਪਹਿਲੀ ਨੂੰ ਪਰਚਾ ਡਾਕੇ ਪਾ ਦਿੰਦੇ ਹਾਂ। ਹਰੇਕ ਸਜਣ ਦਾ ਐਡਰੈਸ ਚੰਗੀ ਤਰ੍ਹਾਂ ਰਜਿਸਟਰ ਨਾਲ ਚੈਕ ਕਰ ਕੇ ਸਾਰੇ ਵੀਰਾਂ ਭੈਣਾਂ ਦੇ ਪਰਚੇ ਭੇਜਦੇ ਹਾਂ, ਪਰ ਇਸ ਦੇ ਬਾਵਜੂਦ ਕਈ ਪਰਚੇ ਰਸਤੇ ਵਿਚ ਗੁੰਮ ਹੋ ਜਾਂਦੇ ਹਨ । ਨਾਲੋ ਨਾਲ ਇਤਲਾਹ ਪੁਜਣ ਤੇ ਅਸੀਂ ਉਹ ਪਰਚੇ ਦੁਬਾਰਾ ਭੇਜੀ ਜਾਂਦੇ ਹਾਂ । ਕਈ ਵੀਰਾਂ ਦੇ ਬੜੇ ਰੋਸ ਭਰੇ ਪੱਤਰ ਪੁਜਦੇ ਹਨ, ਅਤੇ ਕਈ ਕਈ ਮਹੀਨਿਆਂ ਦੇ ਪਰਚੇ ਉਨ੍ਹਾਂ ਦੇ ਗੁੰਮ ਹੁੰਦੇ ਹਨ । ਉਨ੍ਹਾਂ ਨੂੰ ਨਾ ਮਿਲਣ ਦੀ ਹਾਲਤ ਵਿਚ ਉਨ੍ਹਾਂ ਦਾ ਰੋਸ ਸੱਚਾ ਹੈ, ਪਰ ਇਸ ਗੁਆਚਣ ਦਾ ਹਲ ਸਾਡੇ ਪਾਸ ਇਹੋ ਹੀ ਹੈ ਕਿ ਇਤਲਾਹ ਮਿਲਣ ਤੇ ਹੋਰ ਹੋਰ ਭੇਜੀ ਜਾਈਏ । ਜੇ ਤੁਹਾਡੇ ਐਡਰੇਸ ਵਿਚ ਅਸੀਂ ਕੋਈ ਗਲਤੀ ਕਰਦੇ ਹਾਂ ਤਾਂ ਸੁਧਾਈ ਕਰਵਾ ਲਓ, ਜਾਂ ਆਪੋ ਆਪਣੇ ਪੋਸਟਮੈਨਾਂ ਨੂੰ ਤਾੜਨਾ ਕਰੋ ਕਿ ਉਹ ਖ਼ਿਆਲ ਰੱਖਣ ।

ਦਾਸ—ਮੈਨੇਜਰ



www.AKJ.Org

# ਕੇਸਕੀ ਤੇ ਸਿੰਘਣੀਆਂ

[ਵਲੋਂ—ਬੀਬੀ ਪਰਮਜੀਤ ਕੌਰ 'ਆਸੀ', ਸਪੁੱਤਰੀ ਭਾਈ ਸੁੱਚਾ ਸਿੰਘ ਜੀ, ਬਾੜਮੇਰ, ਰਾਜਸਥਾਨ]

ਅੱਜ ਕਲ੍ਹ ਕਈ ਵੀਰ ਭੈਣਾਂ ਸਿੰਘਾਂ ਲਈ ਤਾਂ ਕੇਸਕੀ ਨੂੰ ਠੀਕ ਮੰਨਦੇ ਹਨ ਪਰ ਇਸਤ੍ਰੀਆਂ ਲਈ ਇਸ ਦੀ ਵਰਤੋਂ ਯੋਗ ਨਹੀਂ ਸਮਝਦੇ। ਖ਼ਾਸ ਤੌਰ ਤੇ ਨਵਯੁਵਕ ਸਿੰਘ, ਬੀਬੀਆਂ ਲਈ ਇਸ ਦੀ ਵਰਤੋਂ ਪੁਰਾਤਨ ਜਾਂ ਵਹਿਮ-ਪ੍ਰੱਸਤੀ ਦੇ ਇਲਜ਼ਾਮ ਤੋਂ ਡਰਦੇ ਨਿਭਾਉਣ ਤੋਂ ਕਤਰਾਂਦੇ ਹਨ। ਇਸਦਾ ਸਿੱਟਾ ਇਹ ਹੁੰਦਾ ਹੈ ਕਿ ਮਾਤਾ ਪਿਤਾ ਤਾਂ ਕੇਸਕੀ ਦੀ ਰਹਿਤ ਦੇ ਪਾਬੰਦ ਹਨ, ਪਰ ਘਰ ਦੇ ਬੱਚੇ, ਖ਼ਾਸ ਕਰਕੇ ਬੀਬੀਆਂ ਇਸ ਰਹਿਤ ਤੋਂ ਵਾਂਝੀਆਂ ਹੀ ਰਹਿੰਦੀਆਂ ਹਨ। ਕਈ ਸਿਖ ਬੀਬੀਆਂ ਵਿੱਚ ਇਹ ਵਹਿਮ ਜਿਹਾ ਵੀ ਬੈਠ ਗਿਆ ਹੈ ਕਿ ਕੇਸਕੀ ਸਜਾਉਣ ਨਾਲ ਉਹਨਾਂ ਦੀ ਇਸਤ੍ਰੀਅਤ ਨਹੀਂ ਰਹਿੰਦੀ। ਇਹ ਬਾਣਾ (ਪਹਿਰਾਵਾ) ਇਸਤ੍ਰੀ-ਪੁਣੇ ਦੇ ਉਲਟ ਸਮਝਿਆ ਜਾਂਦਾ ਹੈ। ਕਿਉਂ ? ਇਸ ਲਈ ਕਿ ਹੋਰ ਕਿਸੇ ਭੀ ਮਤ ਵਿਚ ਇਹ ਸਿਰ ਦਾ ਲਿਬਾਸ ਇਸਤ੍ਰੀਆਂ ਵਿੱਚ ਪ੍ਰਚੱਲਤ ਨਾ ਹੋਣ ਕਰਕੇ, ਵਿਲੱਖਣ ਤੇ ਅਜੀਬ ਲਗਦਾ ਹੈ। ਇਸ ਸਬੰਧ ਵਿਚ ਹੇਠ ਲਿਖੇ ਵਿਚਾਰ ਪੇਸ਼ ਕੀਤੇ ਜਾਂਦੇ ਹਨ :—

ਇਹ ਕਿਹਾ ਜਾਂਦਾ ਹੈ ਕਿ ਸਿੰਘਣੀਆਂ ਕੇਸਾਂ ਨੂੰ ਦੁਪੱਟੇ ਆਦਿ ਨਾਲ ਢਕ ਸਕਦੀਆਂ ਹਨ। ਦੁਪੱਟਾ ਜਾਂ ਚੁੰਨੀ ਲਿਬਾਸ ਦਾ ਅੰਗ ਹੈ। ਇਸ ਦਾ ਓੜਨਾ ਜਾਂ ਨਾ ਓੜਨਾ ਕੋਈ ਗੁਰਮਤਿ ਜਾਂ ਮਨਮਤਿ ਦੀ ਗੱਲ ਨਹੀਂ। ਕੇਸਕੀ ਦੀ ਅਣ-ਹੋਂਦ ਵਿਚ ਚੁੰਨੀ ਸਿਰ ਤੋਂ ਲਾਹੀ ਰਖਣੀ ਸਿਰ ਨੂੰ ਨੰਗਾ ਕਰਦੀ ਹੈ। ਇਸ ਲਈ ਬੁਰਾਈ ਹੈ। ਪਰ ਕੀ ਅੱਜ ਕਲ੍ਹ ਕਿਸੇ ਬੀਬੀ ਕੋਲ ਕੋਈ ਅਜਿਹੀ ਚੁੰਨੀ ਹੈ ਜਿਹੜੀ ਹਰ ਵਕਤ ਸੀਸ ਤੇ ਰਹਿੰਦੀ ਹੋਵੇ ਜਾਂ ਰਹਿ ਸਕਦੀ ਹੋਵੇ ? ਦੁਪੱਟਾ ਜਾਂ ਚੁੰਨੀ ਵੀ ਉਨ੍ਹਾਂ ਸਿਰਾਂ ਤੇ ਹੀ ਟਿਕਦੀ ਹੈ ਜੋ ਸੀਸ ਕੇਸਕੀ ਨਾਲ ਸਸ਼ੋਭਤ ਹਨ। ਇਹ ਰਹਿਤ ਹੈ, ਫ਼ਾਲੇ ਲਿਬਾਸ।

ਫਿਰ ਸੋਚਣ ਵਾਲੀ ਗੱਲ ਇਹ ਹੈ ਕਿ ਸਿੱਖ ਇਸਤ੍ਰੀ ਕੇਸ ਕਿਉਂ ਰਖਦੀ ਹੈ ? ਕੀ ਇਸ ਲਈ ਕਿ ਉਸ ਦੇ ਦੇਸ਼ ਦੀਆਂ ਹੋਰ ਬਹੁਤ-ਗਿਣਤੀ ਇਸਤ੍ਰੀਆਂ ਕੇਸ ਰਖਦੀਆਂ ਹਨ ? ਅੱਜ ਕਲ੍ਹ ਹਿੰਦ-ਵਾਸੀ ਆਨਮਤੀ ਇਸਤ੍ਰੀਆਂ ਵਿਚ ਬਾਹਰਲੇ ਦੇਸ਼ਾਂ ਦੇ ਪ੍ਰਭਾਵ ਹੇਠ ਆਪਣੇ ਕੇਸਾਂ ਨੂੰ ਕਟਾ ਕੇ ਕਈ ਤਰ੍ਹਾਂ ਦੇ ਫ਼ੈਸ਼ਨ ਬਨਾਉਣ ਦੀ ਕੁਰੀਤੀ ਵੱਧ ਰਹੀ ਹੈ। ਰੱਬ ਨਾ ਕਰੇ ਜੇ ਇਹ ਬੀਮਾਰੀ ਇਤਨੀ ਵੱਧ ਜਾਵੇ ਕਿ ਭਾਰਤੀ ਗ਼ੈਰ-ਸਿੱਖ ਮਰਦਾਂ ਵਾਂਗ ਗ਼ੈਰ-ਸਿੱਖ ਇਸਤ੍ਰੀਆਂ ਵੀ ਬਹੁ-ਗਿਣਤੀ ਵਿਚ ਇਸ ਦਾ ਸ਼ਿਕਾਰ ਹੋ ਜਾਣ ਤਾਂ ਉਸ ਹਾਲਤ ਵਿਚ ਸਿਖ ਇਸਤ੍ਰੀਆਂ ਦਾ ਕਰਤਵ ਕੀ ਹੋਵੇਗਾ ? ਉੱਤਰ ਸਪੱਸ਼ਟ ਹੈ ਕਿ ਸਿੱਖ ਅੰਮ੍ਰਿਤਧਾਰੀ ਇਸਤ੍ਰੀਆਂ ਆਪਣੇ ਖ਼ਾਲਸਾ ਵੀਰਾਂ ਵਾਂਗ ਗੁਰੂ ਦਾ ਹੁਕਮ ਮੰਨ ਪ੍ਰਵਾਨ ਹੋਣਗੀਆਂ।

ਸਿੱਖ ਇਸਤ੍ਰੀਆਂ ਦੇ ਕੇਸ ਬਾਕੀ ਇਸਤ੍ਰੀਆਂ ਵਾਂਗ ਆਪਣਾ ਸੁਹੱਪਣ ਪ੍ਰਗਟਾਉਣ ਜਾਂ ਹਾਰ-ਸ਼ਿੰਗਾਰ ਤੇ ਫ਼ੈਸ਼ਨ ਦਾ ਸਾਧਨ ਨਹੀਂ। ਇਹ ਇਕ ਅਸੂਲ ਅਤੇ ਹੁਕਮ ਦੀ ਪਾਲਣਾ ਦੇ ਅਧੀਨ ਹਨ। ਫ਼ੈਸ਼ਨ ਬਦਲਦੇ ਹਨ, ਪਰ ਅਸੂਲ ਨਹੀਂ। ਫਿਰ ਜੇਕਰ ਸਿੱਖ ਇਸਤ੍ਰੀ ਆਪਣੇ ਕੇਸਾਂ ਨੂੰ ਕਾਇਮ ਦਾਇਮ ਰਖਣ ਲਈ ਬਾਕੀ ਇਸਤ੍ਰੀਆਂ ਨਾਲੋਂ ਵਖਰਾ ਰਸਤਾ ਅਪਣਾ ਸਕਦੀ ਹੈ ਤਾਂ ਕੇਸਾਂ ਦੀ ਸੰਭਾਲ ਲਈ ਦੂਜਿਆਂ ਦੀ ਰੀਸ ਦੀ ਕੀ ਲੋੜ ਹੈ ? ਸਿਖ ਇਸਤ੍ਰੀ ਲਈ ਕੇਸਾਂ ਦਾ ਮੰਤਵ ਉਹ ਨਹੀਂ ਜੋ ਆਮ ਇਸਤ੍ਰੀ ਲਈ ਹੈ। ਸਿੱਖ ਇਸਤ੍ਰੀ ਦੀ ਨਜ਼ਰ ਵਿਚ ਕੇਸ ਸਿਰਫ਼ ਸਰੀਰ ਦਾ ਮੁੱਖ ਅੰਗ ਹੀ ਨਹੀਂ ਸਗੋਂ ਗੁਰਸਿਖੀ ਦਾ ਮੂਲ ਹਨ। ਉਸ ਨੇ ਕੇਸਾਂ ਨੂੰ ਸੁਆਸ਼ਾਂ ਦੇ ਅੰਤ ਤਕ ਨਿਭਾਉਣਾ ਹੈ ਤੇ ਇਸ ਤਰ੍ਹਾਂ ਹੀ ਸਿਖੀ ਨੇ ਕੇਸਾਂ ਸੁਆਸਾਂ ਨਾਲ ਨਿਭਣਾ ਹੈ। ਕੇਸਾਂ ਦਾ ਸਬੰਧ ਸਿਧਾ ਆਤਮਕ ਸ਼ਕਤੀ ਤੇ ਦਸਮ ਦੁਆਰ ਨਾਲ ਹੈ। ਆਤਮਾ ਦੀ ਸ਼ਕਤੀ ਦੇ ਇਸ ਸੋਮੇ ਨੂੰ ਸਰੀਰ ਦੀ ਵਿਸ਼ੇਸ਼ ਸਜਾਵਟ ਲਈ ਕਈ ਤਰ੍ਹਾਂ ਦੇ ਤੋੜ ਮੋੜ ਕੇ ਫ਼ੈਸ਼ਨ ਬਨਾਣੇ ਬੜੀ ਭਾਰੀ ਭੁੱਲ ਹੈ। ਕੇਸਾਂ ਨਾਲ ਜੋ ਕੁਦਰਤੀ ਸ਼ੋਭਾ ਹੈ ਉਹ ਸਾਨੂੰ ਮੁਬਾਰਕ ਹੈ। ਇਨ੍ਹਾਂ ਨੂੰ ਸਰੀਰ ਦਾ ਫ਼ਾਲਤੂ ਅੰਗ ਸਮਝ ਕੇ ਇਹਨਾਂ ਤੋਂ ਛੁਟਕਾਰਾ ਪਾਉਣਾ ਜਾਂ ਨਾਈ ਤੋਂ ਕਟੱ ਵਢੱ ਕੇ ਸਜਾਵਟ ਕਰਵਾਉਣੀ, ਜਾਂ ਛੋਟੇ ਕੇਸ ਹੋਣ ਤੇ ਬਨਾਵਟੀ ਕੇਸ ਲਾਉਣੇ ਨਿਰਾ ਹੋਛਾਪਨ ਹੈ। ਗੁਰਮਤਿ ਕੀ ਹੈ ?


www.AKJ.Org

"**ਸਾਬਤ ਸੂਰਤ ਦਸਤਾਰ ਸਿਰਾ**" ਦੋਹਾਂ ਲਈ, ਭਾਵੇਂ ਮਰਦ ਹੈ ਭਾਵੇਂ ਇਸਤ੍ਰੀ। ਇਸ ਤੋਂ ਹੀ ਸਿੱਖ ਇਸਤ੍ਰੀ ਦੀ ਪਛਾਣ ਆਉਂਦੀ ਹੈ ਕਿ ਇਹ ਸਿੱਖ ਇਸਤ੍ਰੀ ਹੈ। ਹਿੰਦੂ ਇਸਤ੍ਰੀ ਨਾਲੋਂ ਸਿੱਖ ਇਸਤ੍ਰੀ ਬਹੁਤ ਅਲੱਗ ਅਤੇ ਰੋਹਬ ਵਾਲੀ ਲਗਦੀ ਹੈ। ਇਕ ਅੰਗਰੇਜ਼ ਇਤਿਹਾਸਕਾਰ ਨੇ ਆਪਣੀ ਪ੍ਰਸਿਧ ਪੁਸਤਕ "ਹਿਸਟਰੀ ਆਫ਼ ਦੀ ਸਿਖਸ" ਵਿੱਚ ਸਿੱਖ ਇਸਤ੍ਰੀਆਂ ਸਬੰਧੀ ਲਿਖਿਆ ਹੈ :—

"The Sikh Women are distinguished from Hindus of their sex by some variety of dress, chiefly by a higher top knot of hair".

ਭਾਵ:—ਸਿੱਖ ਇਸਤ੍ਰੀਆਂ ਹਿੰਦੂ ਇਸਤ੍ਰੀਆਂ ਨਾਲੋਂ ਆਪਣੇ ਪਹਿਰਾਵੇ ਵਿੱਚ ਖ਼ਾਸ ਵਿਲੱਖਣਤਾ ਰਖਦੀਆਂ ਹਨ ਜੋ ਕਿ ਉਹਨਾਂ ਦੇ ਸਿਰ ਉਤੇ ਕੇਸਾਂ ਦੇ ਜੂੜੇ ਤੋਂ ਸਪਸ਼ਟ ਤੌਰ ਤੇ ਪ੍ਰਗਟ ਹੁੰਦਾ ਹੈ।

ਭਾਈ ਸਾਹਿਬ ਭਾਈ ਕਾਹਨ ਸਿੰਘ ਜੀ ਕੇਸਕੀ ਨੂੰ ਕੌਮੀ ਚਿੰਨ੍ਹ ਦਰਸਾਉਂਦੇ ਹੋਏ ਲਿਖਦੇ ਹਨ :—

"ਦਸਤਾਰ ਕੌਮੀ ਚਿੰਨ੍ਹ ਸਮਝ ਕੇ ਤੇ ਕੇਸਾਂ ਦਾ ਪਹਿਰੇਦਾਰ ਸਮਝ ਕੇ ਸੀਸ ਤੇ ਸਜਾਉਣਾ ਜ਼ਰੂਰੀ ਹੈ।"

ਕੀ ਕੌਮ ਵਿੱਚ ਸਿਰਫ਼ ਮਰਦ ਹੀ ਸ਼ਾਮਲ ਹੁੰਦੇ ਹਨ ? ਨਹੀਂ। ਕੌਮ ਵਿਚ ਇਸਤ੍ਰੀ ਅਤੇ ਬੱਚੇ ਬੁੱਢੇ ਸਭ ਸ਼ਾਮਲ ਹੁੰਦੇ ਹਨ। ਸੋ ਜੇ ਕਰ ਕੇਸਕੀ ਸਿੱਖੀ ਦਾ ਕੌਮੀ ਨਿਸ਼ਾਨ ਹੈ ਤਾਂ ਇਹ ਨਿਸ਼ਾਨ ਇਸਤ੍ਰੀ ਮਰਦ ਦੋਹਾਂ ਲਈ ਜ਼ਰੂਰੀ ਹੈ, ਨਾ ਕਿ ਕੇਵਲ ਮਰਦ ਲਈ। ਇਸ ਲਈ ਇਸ ਕੌਮੀ ਨਿਸ਼ਾਨ ਤੋਂ ਵਿਹੂਣੀ ਸਿੱਖ ਇਸਤ੍ਰੀ ਇਕ ਤਰ੍ਹਾਂ ਖ਼ਾਲਸਾ ਕੌਮ ਦਾ ਅੰਗ ਹੋਣ ਤੋਂ ਇਨਕਾਰੀ ਹੋ ਜਾਂਦੀ ਹੈ।

ਅੰਮ੍ਰਿਤ ਸੰਸਕਾਰ ਸਮੇਂ ਸਭ ਅਧਿਕਾਰੀਆਂ ਨੂੰ ਹੁਕਮ ਹੁੰਦਾ ਹੈ ਬੋਲ :—"ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਹ।" ਇਸ ਤਰ੍ਹਾਂ ਅਖਵਾ ਕੇ ਇਸਤ੍ਰੀ ਮਰਦ ਦੋਹਾਂ ਨੂੰ ਖ਼ਾਲਸਾ ਬਣਾ ਦਿਤਾ ਜਾਂਦਾ ਹੈ। ਇਸ ਤੋਂ ਉਪਰੰਤ ਵਚਨ ਕੀਤੇ ਜਾਂਦੇ ਹਨ ਜੋ ਸਭਨਾਂ ਲਈ ਸਾਂਝੇ ਹੁੰਦੇ ਹਨ। ਜੋ ਵਚਨ ਗੁਰੂ ਸਾਹਿਬ ਨੇ ਖ਼ਾਲਸੇ ਪ੍ਰਤਿ ਕੀਤੇ ਹਨ ਉਹ ਸਿੰਘਾਂ ਤੇ ਸਿੰਘਣੀਆਂ ਦੋਹਾਂ ਲਈ ਹਨ, ਕਿਉਂਕਿ ਉਹ ਅੰਮ੍ਰਿਤ ਛਕ ਕੇ ਦੋਵੇਂ ਹੀ ਖ਼ਾਲਸਾ ਬਣ ਜਾਂਦੇ ਹਨ।

ਇਸ ਤਰ੍ਹਾਂ ਸਜਾਏ ਖ਼ਾਲਸੇ ਨੂੰ ਦਸਮ ਪਾਤਸ਼ਾਹ ਫ਼ੁਰਮਾਉਂਦੇ ਹਨ :—

ਖਾਲਸਾ ਮੇਰੋ ਰੂਪ ਹੈ ਖਾਸ।
ਖਾਲਸੇ ਮਹਿ ਹੌਂ ਕਰੋ ਨਿਵਾਸ॥

ਕੀ ਖ਼ਾਲਸੇ ਵਿਚ ਸ਼ਾਮਲ ਹੋ ਚੁਕੀਆਂ ਸਿੰਘਣੀਆਂ ਕੇਸਕੀ ਤੋਂ ਬਿਨਾਂ ਅਤੇ ਦਸਮ ਦੁਆਰੜੇ ਜੂੜੇ ਤੋਂ ਬਿਨਾਂ ਗੁਰੂ ਸਾਹਿਬ ਦੇ ਨਿਜ ਰੂਪ ਦੇ ਨੇੜੇ ਭੀ ਪਹੁੰਚ ਸਕਦੀਆਂ ਹਨ ? ਇਕ ਗੁੱਤ, ਦੋ ਗੁੱਤਾਂ, ਧੌਣ ਤੇ ਸਿੱਧਾ ਪੁੱਠਾ ਜੂੜਾ ਜਾਂ ਕਿਸੇ ਹੋਰ ਤਰ੍ਹਾਂ ਕੇਸਾਂ ਤੇ ਵਿੰਗ ਤੜਿੰਗੇ ਫ਼ੈਸ਼ਨ ਗੁਰੂ ਸਾਹਿਬ ਦੇ ਖ਼ਾਸ ਰੂਪ ਦੇ ਨਿਸ਼ਾਨ ਹੋ ਸਕਦੇ ਹਨ ? ਕਦਾਚਿਤ ਨਹੀਂ।

ਪੁਰਾਤਨ ਸਿੰਘਣੀਆਂ ਇਸ ਰਹਿਤ ਦੀ ਧਾਰਨਾ ਪ੍ਰਪਕਤਾ ਨਾਲ ਕਰ ਕੇ, ਲੋਕ-ਲਾਜ ਦੀ ਪ੍ਰਵਾਹ ਨ ਕਰਦਿਆਂ ਹੋਇਆਂ, ਗੁਰੂ ਸਾਹਿਬ ਦੇ ਹੁਕਮਾਂ ਦੀ ਪਾਲਣਾ ਦ੍ਰਿੜ੍ਹਤਾ ਨਾਲ ਕਰਦੀਆਂ ਸਨ। ਇਸ ਲਈ ਆਪਣੇ ਇਤਿਹਾਸ ਵਲ ਗਹੁ ਨਾਲ ਵੇਖੋ ਅਤੇ ਵਿਚਾਰ ਭਰੀ ਨਜ਼ਰ ਨਾਲ ਦੇਖਦਿਆਂ ਤੇ ਉਹਨਾਂ ਸ਼ਹੀਦ ਸਿੰਘਣੀਆਂ ਜਿਨ੍ਹਾਂ ਦਾ ਜ਼ਿਕਰ ਅਸੀਂ ਹਰ ਰੋਜ਼ ਅਰਦਾਸ ਵਿਚ ਕਰਦੇ ਹਾਂ, ਉਸ ਤੋਂ ਉਤਸ਼ਾਹਿਤ ਹੁੰਦਿਆਂ ਅਜ ਦੀ ਸਿਖ ਇਸਤ੍ਰੀ ਦਾ ਕਰਤਵ ਬਣਦਾ ਹੈ ਕਿ ਉਹ ਆਪਣੀਆਂ ਰਵਾਇਤਾਂ ਨੂੰ ਬਰਕਰਾਰ ਰਖ ਕੇ ਪੂਰਨ ਰਹਿਣੀ ਬਹਿਣੀ ਵਾਲਾ ਜੀਵਨ ਬਤੀਤ ਕਰੇ। ਕੇਸਕੀ ਰਹਿਤ ਦਾ ਅੰਗ ਹੈ ਤੇ ਇਸਤ੍ਰੀਆਂ ਲਈ ਉੱਨਾ ਹੀ ਜ਼ਰੂਰੀ ਹੈ ਜਿੰਨਾ ਕਿ ਮਰਦਾਂ ਲਈ।

ਭੈਣੋ ! ਨਾ ਵੇਖੋ ਕਿ ਦੁਨੀਆ ਕੀ ਕਰਦੀ ਹੈ, ਨਾ ਸੁਣੋ ਦੁਨੀਆ ਕੀ ਕਹਿੰਦੀ ਹੈ, ਆਪਣੇ ਅਸੂਲਾਂ ਤੇ ਡਟ ਕੇ ਕਾਇਮ ਰਹੋ, ਸਤਿਗੁਰੂ ਦੀ ਓਟ ਲਵੋ, ਉਹ ਸਦਾ ਅੰਗ ਸੰਗ ਹਨ। ਸਤਿਗੁਰਾਂ ਦਾ ਤੇਜ ਤੇ ਉਹਨਾਂ ਦੀ ਸ਼ਕਤੀ ਹਰ ਰਹਿਤਵਾਨ ਸਿੰਘ ਸਿੰਘਣੀ ਵਿਚ ਵਿਚਰ ਰਹੀ ਹੈ। ਦਸਮ ਪਾਤਸ਼ਾਹ ਜੀ ਨੇ ਤੁਹਾਨੂੰ ਵਚਨ ਦਿਤਾ ਹੋਇਆ ਹੈ :—

"ਜਬ ਲਗ ਖਾਲਸਾ ਰਹੇ ਨਿਆਰਾ।
ਤਬ ਲਗ ਤੇਜ ਦੀਉ ਮੈਂ ਸਾਰਾ॥"

ਨਿਆਰਾਪਨ ਖ਼ਾਲਸੇ ਲਈ ਹੈ। ਸਿੰਘਣੀ ਉਸੇ ਤਰ੍ਹਾਂ ਹੀ ਖਾਲਸਾ ਹੈ ਜਿਸ ਤਰ੍ਹਾਂ ਸਿੰਘ। ਖਾਲਸੇ ਦਾ ਅੰਮ੍ਰਿਤ ਇਕ, ਰਹਿਤ ਇਕ। ਖਾਲਸੇ ਲਈ ਸਤਿਗੁਰਾਂ ਦਾ ਹੁਕਮ

www.AKJ.Org

ਇਕ। ਖਾਲਸਾ ਭਾਵੇਂ ਮਰਦ ਹੈ ਭਾਵੇਂ ਇਸਤ੍ਰੀ। ਦਸਮ ਪਾਤਸ਼ਾਹ ਦਾ ਦਰਸਾਇਆ ਨਿਆਰਾਪਨ ਕੀ ਹੈ ? ਫ਼ੈਸ਼ਨ ਦੇ ਝਖੜਾਂ ਤੂਫਾਨਾਂ ਵਿਚ ਆਪਣੇ ਅਸੂਲਾਂ ਤੇ ਡਟ ਕੇ ਕਾਇਮ ਰਹਿਣਾ ਹੀ ਨਿਆਰਾਪਣ ਹੈ। ਕਿਡੀ ਹਾਸੋ-ਹੀਣੀ ਗੱਲ ਹੈ ਕਿ ਸਿੰਘ ਤਾਂ ਸਤਿਗੁਰੂ ਦੀ ਬਖ਼ਸ਼ੀ ਰਹਿਤ-ਰਹਿਣੀ ਦਾ ਸਦਕਾ ਲੱਖਾਂ ਵਿਚੋਂ ਇਕ ਭੀ ਖਲੋਤਾ ਦੂਰੋਂ ਨਜ਼ਰ ਆ ਜਾਂਦਾ ਹੈ, ਪਰ ਸਿੰਘਣੀ ਐਸੀ ਮਿਲਗੋਭਾ ਹੋਈ ਵੀ ਹੈ ਕਿ ਲਭਿਆਂ ਲਭਦੀ ਹੀ ਨਹੀਂ, ਜਦ ਤਕ ਸਿੰਘ ਨਾਲ ਨ ਹੋਵੇ। ਨਾ ਸਿਰ ਤੇ ਕੇਸਾਂ ਦਾ ਜੂੜਾ ਨ ਕੇਸਕੀ, ਲਭੇ ਭੀ ਕਿਸ ਤਰ੍ਹਾਂ ?

ਅੰਮ੍ਰਿਤ ਛਕਣ ਵਾਲੀਆਂ ਕਈ ਬੀਬੀਆਂ ਦਾ ਕਈ ਵਾਰੀ ਇਹ ਸੁਆਲ ਹੁੰਦਾ ਹੈ ਕਿ ਕੀ ਉਹਨਾਂ ਨੂੰ ਕੇਸਕੀ ਦੀ ਮੁਆਫ਼ੀ ਨਹੀਂ ਮਿਲ ਸਕਦੀ ? ਕੇਸਕੀ ਦੀ ਮੁਆਫ਼ੀ ਮੰਗਣ ਵਾਲੀਓ ਭੈਣੋ ! ਯਾਦ ਰਖੋ ਕਿ ਤੁਸਾਂ ਅੰਮ੍ਰਿਤ ਸੀਸ ਭੇਟਾ ਕਰ ਕੇ ਲੈਣਾ ਹੈ। ਜੇ ਕੇਸਕੀ ਦੀ ਮੁਆਫ਼ੀ ਮੰਗਦੀਆਂ ਹੋ ਤਾਂ ਕੀ ਸਤਿਗੁਰਾਂ ਨੂੰ ਨੰਗਾ ਸਿਰ ਭੇਟਾ ਕਰੋਗੀਆਂ ? ਅੱਜ ਕਲ੍ਹ ਦੀਆਂ ਸਿੰਘਣੀਆਂ ਕੇਸਕੀ ਤੋਂ ਮੁਆਫ਼ੀ ਮੰਗਦੀਆਂ ਹਨ, ਜੋ ਦੋ ਮਣ ਦਾ ਸਿਰ ਤੇ ਢੋਲ ਜਿਹਾ ਬਣਾ ਲੈਂਦੀਆਂ ਹਨ ਉਸ ਤੋਂ ਮੁਆਫ਼ੀ ਕਿਉਂ ਨਹੀਂ ਮੰਗਦੀਆਂ ?

ਅੱਜ ਕਲ੍ਹ ਭਾਰਤੀ ਸਭਿਅਤਾ ਗਿਰਾਵਟ ਵਲ ਜਾ ਰਹੀ ਹੈ। ਅਜ ਕਲ੍ਹ ਗੁਰਧਾਮਾਂ ਦੇ ਵਾਤਾਵੇਰਣ ਦਾ ਸਹੀ ਨਕਸ਼ਾ ਕਿਸੇ ਦਿਨ ਦਿਹਾੜੇ ਜਾਂ ਗੁਰਪੁਰਬਾਂ ਸਮੇਂ ਦੀਵਾਨ ਸਜੇ ਹੋਏ ਵਿਚ ਚੰਗੀ ਤਰ੍ਹਾਂ ਦੇਖਣ ਵਾਲਾ ਹੁੰਦਾ ਹੈ। **ਭੜਕੀਲੇ ਪਹਿਰਾਵੇ, ਹੋਛੀਆਂ ਸਰੀਰਕ ਸਜਾਵਟਾਂ, ਤੰਗ ਅਤੇ ਸਰੀਰ ਦੀ ਬਣਤਰ ਤੇ ਸੁਹਣੇ-ਪਣ ਲਈ ਅੱਧ-ਨੰਗੇ ਲਿਬਾਸ। ਕੀ ਅਜਿਹਾ ਵਾਤਾਵਰਣ ਆਪਣੇ ਜਾਂ ਦੂਜਿਆਂ ਦੇ ਮਨਾਂ ਦੀ ਮੈਲ ਦੂਰ ਕਰਨ ਵਾਲਾ ਹੁੰਦਾ ਹੈ ?** ਇਹਨਾਂ ਹਾਲਤਾਂ ਵਿਚ ਇਕ ਕੇਸਕੀ ਦੀ ਰਹਿਤ ਧਾਰਨ ਕਰਨ ਨਾਲ ਇਸ ਰੋੜ੍ਹ ਵਿਚ ਰੁੜ੍ਹਨੋਂ ਰੁਕਾਵਟ ਪੈ ਜਾਂਦੀ ਹੈ। ਕੇਸਕੀ ਸਜਾ ਕੇ ਇਸਤ੍ਰੀ ਨੂੰ ਸਭ ਫੈਸ਼ਨ ਛੱਡਣੇ ਪੈਂਦੇ ਹਨ। ਇਸ ਲਈ ਹੀ ਬੀਬੀਆਂ ਕੇਸਕੀ ਤੋਂ ਮੁਆਫ਼ੀ ਮੰਗਦੀਆਂ ਹਨ।

ਕੇਸਕੀ ਰਹਿਤ ਨਾਲ ਸਸ਼ੋਭਤ ਬੀਬੀਆਂ ਭੈਣਾਂ ਦਾ ਪ੍ਰਭਾਵ ਵੀ ਕੁਝ ਐਸਾ ਪੈਂਦਾ ਹੈ ਕਿ ਕਿਸੇ ਮਲੀਨ ਪੁਰਸ਼ ਦੀ ਮੈਲੀ ਅੱਖ ਉਸ ਵਲ ਨਹੀਂ ਉੱਠ ਸਕਦੀ। ਇਉਂ ਪ੍ਰਤੀਤ ਹੁੰਦਾ ਹੈ ਕਿ ਦੂਰ-ਦਰਸੀ ਦਸਮ ਪਾਤਸ਼ਾਹ ਜੀ ਨੇ ਆਉਣ ਵਾਲੇ ਹਾਲਾਤ ਨੂੰ ਦੇਖਦਿਆਂ ਖ਼ਾਲਸਾ ਘਰਾਣਿਆਂ ਨੂੰ ਇਸ ਬੀਮਾਰੀ ਤੋਂ ਬਚਣ ਲਈ ਕੇਸਕੀ ਦਾ ਪੱਕਾ ਪਹਿਰਾ ਲਗਾ ਦਿੱਤਾ ਹੈ। ਪਰ ਅਜ ਕਲ੍ਹ ਦੀਆਂ ਬੀਬੀਆਂ ਇਹਨਾਂ ਗੱਲਾਂ ਵਲ ਬਿਲਕੁਲ ਧਿਆਨ ਨਹੀਂ ਦਿੰਦੀਆਂ।

ਅਜ ਕਲ੍ਹ ਜਿਹੜੀਆਂ ਬੀਬੀਆਂ ਨੇ ਕੇਸਕੀ ਧਾਰਨ ਕੀਤੀ ਹੋਈ ਹੈ ਉਹ ਭੀ ਕੇਸਕੀ ਨੂੰ ਇਸ ਢੰਗ ਨਾਲ ਸਜਾਉਂਦੀਆਂ ਹਨ ਕਿ ਕੇਸਕੀ ਸਜਾਉਣ ਤੇ ਭੀ ਅੱਧੇ ਕੇਸ ਨੰਗੇ ਰਹਿੰਦੇ ਹਨ। ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਬੀਬੀ ਨੇ ਪੱਫ ਕੀਤਾ ਹੋਵੇ। ਭੈਣੋ ! ਫ਼ੈਸ਼ਨ ਵਲ ਨਾ ਜਾਵੋ, ਉਸ ਦਸਮ ਪਾਤਸ਼ਾਹ ਦੀ ਬਖ਼ਸ਼ੀ ਦਾਤ ਨੂੰ ਕੇਸਾਂ ਸੁਆਸਾਂ ਨਾਲ ਨਿਭਾਉਣਾ ਹੈ। ਸੋ ਸਾਡਾ ਫ਼ਰਜ਼ ਹੈ ਕਿ ਅਸੀਂ ਉਸ ਨੂੰ ਕੇਸਾਂ ਸੁਆਸਾਂ ਨਾਲ ਨਿਭਾਈਏ।

ਕੇਸਕੀ ਦੀ ਰਹਿਤ ਵਾਲੀਆਂ ਬੀਬੀਆਂ ਦੂਰੋਂ ਹੀ ਬਹੁਤ ਰੋਹਬ ਵਾਲੀਆਂ ਲਗਦੀਆਂ ਹਨ। ਜਿਥੇ ਮਰਜ਼ੀ ਕੋਈ ਬੀਬੀ ਖੜੀ ਹੋਵੇ, ਦੇਖਣ ਵਾਲਾ ਇਕ ਮਿੰਟ ਵਿੱਚ ਪਛਾਣ ਲੈਂਦਾ ਹੈ ਕਿ ਇਹ ਖ਼ਾਲਸਾ ਬੀਬੀ ਹੈ।

ਇਹ ਸਭ ਕੁਝ ਜਾਣਦੇ ਹੋਏ ਭੀ ਅਗਰ ਅਸੀਂ ਫਿਰ ਮਨਮਤ ਕਰੀਏ ਤਾਂ ਅਸੀਂ ਆਪ ਹੀ ਅੰਦਾਜ਼ਾ ਲਗਾ ਸਕਦੇ ਹਾਂ ਕਿ ਅਸੀਂ ਕਿਤਨੀ ਕੁ ਢਹਿੰਦੀ ਕਲਾ ਵੱਲ ਜਾ ਰਹੇ ਹਾਂ। ਮੇਰੇ ਪਿਤਾ ਸਮਾਨ ਭਾਈ ਹਰਿਨੇਕ ਸਿੰਘ ਜੀ (ਸਹੋਲੀ ਵਾਲੇ) ਜਿਨ੍ਹਾਂ ਨੇ ਥੋੜੀ ਉਮਰ ਵਿੱਚ ਹੀ ਘੋਰ ਕਮਾਈਆਂ ਕੀਤੀਆਂ ਤੇ ਗੁਰਮੁਖ ਜੀਵਨੀ ਦੀ ਝਲਕ ਦਿਖਾ ਕੇ ਅਲੋਪ ਹੋ ਗਏ, ਕਿਹਾ ਕਰਦੇ ਸਨ ਕਿ ਸਿੰਘਣੀ ਦਾ ਆਤਮਕ ਜੀਵਨ ਉਸਦੀ ਸਜਾਈ ਕੇਸਕੀ ਤੋਂ ਜੇ ਪੂਰਾ ਨਹੀਂ ਤਾਂ ਬਹੁਤ ਹਦ ਤਕ ਅਨੁਭਵ ਕੀਤਾ ਜਾ ਸਕਦਾ ਹੈ। ਉਹਨਾਂ ਦਾ ਕਹਿਣਾ ਸੀ ਕਿ ਕੇਸਕੀ ਨਾਲ ਪੂਰੇ ਕੇਸ ਹੀ ਨਹੀਂ, ਬਲਕਿ ਮੱਥੇ ਦਾ ਉਪਰ ਦਾ ਹਿੱਸਾ ਭੀ ਕਜਣਾ ਜ਼ਰੂਰੀ ਹੈ।

ਭੈਣਾਂ ਅੱਗੇ ਮੇਰੀ ਬੇਨਤੀ ਹੈ ਕਿ ਉਹ ਕਲਜੁਗ ਦੇ ਝੱਖੜਾਂ ਤੂਫਾਨਾਂ ਤੋਂ ਬਚਣ। ਅਤੇ ਕਲਜੁਗ ਦੇ ਫ਼ੈਸ਼ਨਾਂ ਨੂੰ ਛੱਡ ਕੇ ਗੁਰੂ ਦੀਆਂ ਲਾਡਲੀਆਂ ਬਣਨ। ਇਸ ਨਾਲ ਇਸ ਕਾਲ ਵਿਚ ਭੀ ਮਾਣ ਤੇ ਵਡਿਆਈਆਂ ਪ੍ਰਾਪਤ ਹੁੰਦੀਆਂ ਹਨ। ਸਾਡੀ ਇਹ ਹੀ ਵਾਹਿਗੁਰੂ ਅੱਗੇ ਬੇਨਤੀ ਹੈ ਕਿ ਭਵਿੱਖਤ ਕਾਲ ਵਿਚ ਸਾਨੂੰ ਸਤਿਗੁਰੂ ਜੀ ਦੇ ਚਰਨਾਂ ਦੀ ਛੋਹ ਪ੍ਰਾਪਤ ਰਹੇ।

www.AKJ.Org

# "ਅੰਮ੍ਰਿਤ ਕਾ ਵਾਪਾਰੀ ਹੋਵੈ, ਕਿਆ ਮਦਿ ਛੂਛੈ ਭਾਉ ਧਰੈ"

[ ਵਲੋਂ—ਗਿਆਨੀ ਜੀਤ ਸਿੰਘ ਜੀ, ਖਾਰ ਬੰਬਈ ]

ਗਿਆਨੀ ਜੀਤ ਸਿੰਘ ਜੀ (ਸਿੰਘ ਸਭਾ ਸ਼ਤਾਬਦੀ ਕਮੇਟੀ) ਖਾਰ ਬੰਬਈ ਦੇ ਇਸ ਵਡੇ ਲੇਖ ਵਿਚੋਂ ਕੁਝ ਲੁੜੀਂਦਾ ਹਿੱਸਾ ਪਾਠਕਾਂ ਦੀ ਭੇਟ ਹੈ। ਇਸ ਲੇਖ ਵਿਚ ਗਿਆਨੀ ਜੀ ਨੇ ਗੁਰ-ਹੁਕਮਾਂ ਦੇ ਅਧਾਰ ਤੇ ਸ਼ਰਾਬ ਨੂੰ ਬਜਰ ਕੁਰਹਿਤ ਦਰਸਾਇਆ ਹੈ।

ਜਿਸ ਤਰ੍ਹਾਂ ਕਿ ਪੰਥ ਨੇ ਦੂਜੀ ਬਜਰ ਕੁਰਹਿਤ "ਤੁਰਕਣੀ ਦਾ ਸੰਗ ਕਰਨ ਦੀ ਮਨਾਹੀ" ਦੀ ਥਾਂ "ਪਰਾਈ ਇਸਤ੍ਰੀ ਦਾ ਸੰਗ ਕਰਨ ਦੀ ਮਨਾਹੀ" ਪਰਚਲਤ ਕਰ ਲਿਆ ਹੈ, ਇਵੇਂ ਹੀ ਪੰਥ ਨੂੰ ਚੌਥੀ ਕੁਰਹਿਤ "ਤਮਾਕੂ ਸੇਵਨ ਦੀ ਮਨਾਹੀ ਦੀ ਥਾਂ "ਤਮਾਕੂ ਤੇ ਸ਼ਰਾਬ ਆਦਿਕ ਨਸ਼ਿਆਂ ਦੀ ਮਨਾਹੀ" ਕਰ ਲੈਣਾ ਚਾਹੀਦਾ ਹੈ। [ਸੰਪਾਦਕ

ਸਿਖ ਧਰਮ ਅੰਦਰ ਕੋਈ ਵੀ ਨਸ਼ਾ ਵਰਤਣਾ ਕੁਰਹਿਤ ਹੈ। ਚਾਰ ਬਜਰ ਕੁਰਹਿਤਾਂ ਵਿਚੋਂ 'ਤਮਾਕੂ' (ਜਗਤ ਜੂਠ) ਵਰਤਣ ਵਾਲਾ ਪਤਿਤ ਹੋ ਜਾਂਦਾ ਹੈ। ਤਮਾਕੂ ਭਾਵੇਂ ਇਕ ਮਮੂਲੀ ਨਸ਼ਾ ਸਮਝਿਆ ਜਾਂਦਾ ਹੈ ਤਾਂ ਵੀ ਇਸ ਦੇ ਵਰਤਣ ਦੀ ਏਡੀ ਸਖ਼ਤ ਮਨਾਹੀ ਹੈ। ਤਮਾਕੂ ਨੂੰ ਕੇਵਲ ਸਾਰੇ ਨਸ਼ਿਆਂ ਦਾ ਸੂਚਕ ਮਾਤਰ ਲੀਤਾ ਗਿਆ ਹੈ, ਭਾਵ ਚਿੰਨ੍ਹ ਮਾਤਰ ਸਮਝ ਕੇ ਮਨਾਹੀ ਕੀਤੀ ਗਈ ਹੈ। ਤਮਾਕੂ ਪੀਣ ਵਾਲਿਆਂ ਨੂੰ ਕਈ ਪਰਕਾਰ ਦੇ ਦੀਰਘ ਰੋਗ ਲਗ ਜਾਂਦੇ ਹਨ। ਜਿਹਾ ਕਿ ਦਮਾ, ਕੈਂਸਰ, ਤੇ ਤਪਦਿਕ ਆਦਿ। ਏਸੇ ਤਰ੍ਹਾਂ ਹੋਰ ਨਸ਼ੇ ਸ਼ਰਾਬ, ਅਫ਼ੀਮ, ਭੰਗ, ਚਰਸ, ਗਾਂਜਾ, ਕੁਕੀਨ ਆਦਿ ਸਾਰੇ ਹੀ ਵਧ ਤੋਂ ਵਧ ਹਾਨੀਕਾਰਕ ਹਨ।

ਨਸ਼ਾ ਮਨੁੱਖ ਕਿਸ ਵੇਲੇ ਵਰਤਦਾ ਹੈ? ਜਿਸ ਵੇਲੇ ਮਾਨਸਕ ਤੋਰ ਤੇ ਗਿਰਾਵਟ ਵਿਚ ਹੁੰਦਾ ਹੈ। ਟੁਟਾ ਹੋਇਆ ਮਨੁੱਖ ਹੀ ਨਸ਼ੇ ਦਾ ਆਸਰਾ ਲੈਂਦਾ ਹੈ। ਨਸ਼ੇ ਵਿਚ ਮਨੁੱਖ ਉਲਾਰ ਹੋ ਜਾਂਦਾ ਹੈ। ਸੰਤੁਲਤ ਕਾਇਮ ਨਹੀਂ ਰਹਿੰਦਾ। ਮਤ ਵਿਚ ਬਰਲ ਪੈ ਜਾਂਦਾ ਹੈ। ਕਈ ਕਹਿੰਦੇ ਹਨ ਕਿ ਗ਼ਮ ਗ਼ਲਤ ਕਰਨ ਲਈ ਨਸ਼ੇ ਵਰਤਦੇ ਹਨ। ਚਿੰਤਾਵਾਂ, ਫ਼ਿਕਰਾਂ ਨੂੰ ਭੁਲਾਉਣ ਵਾਸਤੇ ਨਸ਼ੇ ਵਿਚ ਮਦਹੋਸ਼ ਹੋ ਜਾਂਦੇ ਹਨ। ਭਾਵੇਂ ਉਹ ਚਿੰਤਾ, ਫਿਕਰ ਸਗੋਂ ਦੂਣਾ ਰੂਪ ਧਾਰ ਕੇ ਫਿਰ ਸਾਹਮਣੇ ਆ ਖੜੋਂਦੀ ਹੈ। ਝਟ ਘੜੀ ਦੀ ਬੇਹੋਸ਼ੀ ਵਿਚ ਭਾਵੇਂ ਮਨੁੱਖ ਭੁਲਾ ਰਹਿੰਦਾ ਹੈ। ਬੇਹੋਸ਼ੀ ਵਿਚ ਤਾਂ ਹੋਸ਼ ਹੀ ਨਹੀਂ ਰਹਿੰਦੀ। ਨਸ਼ਾ ਕੋਈ ਵੀ ਹੋਵੇ, ਮਨੁੱਖੀ ਸਰੀਰ ਤੇ ਮਾਰੂ ਅਸਰ ਕਰਦਾ ਹੈ। ਦਿਲ, ਦਿਮਾਗ, ਫੇਫੜਿਆਂ ਦੀਆਂ ਬਾਰੀਕ ਸੂਖਮ ਨਾੜਾਂ ਨੂੰ ਉਤੇਜਤ ਕਰਦਾ ਹੈ। ਤੇ ਖ਼ੂਨ ਦਾ ਦਬਾਉ ਵਧ ਜਾਂਦਾ ਹੈ, ਜੋ ਪਿਛੋਂ ਵਧੇਰੇ ਕਮਜ਼ੋਰੀ ਦਾ ਕਾਰਨ, ਤੇ ਰੋਗ ਦਾ ਕਾਰਨ ਬਣਦਾ ਹੈ। ਏਸੇ ਤਰ੍ਹਾਂ ਜਿਗਰ ਤੇ ਗੁਰਦਿਆਂ ਦੇ ਰੋਗਾਂ ਦਾ ਕਾਰਨ ਵੀ ਬਣਦਾ ਹੈ।

ਮਾਰੂ ਨਸ਼ਿਆਂ ਵਿਚੋਂ ਅਸੀਂ ਇਥੇ ਕੇਵਲ ਸ਼ਰਾਬ ਨੂੰ ਹੀ ਲੈਂਦੇ ਹਾਂ, ਜੋ ਕਿ ਅੱਜ ਕਲ੍ਹ ਸਿਖ ਜਨਤਾ ਵਿਚ ਦਿਨੋ ਦਿਨ ਵਧਦੀ ਜਾ ਰਹੀ ਹੈ। ਜਾਂ ਤਾਂ ਇਸ ਦੇ ਮਾਰੂ ਅਸਰਾਂ ਦਾ ਪਤਾ ਨਹੀਂ ਤੇ ਜਾਂ ਵਰਤਣ ਵਾਲੇ ਨੂੰ ਗੁਰਮਤ-ਵਿਰੋਧੀ ਹੋਣ ਦਾ ਪਤਾ ਨਹੀਂ। ਕਈ ਸਿੰਘ ਸਭਾਵਾਂ ਦੇ ਪਰਧਾਨ,ਸਕੱਤਰ,ਧਾਰਮਕ ਆਗੂ,ਰਾਗੀ,ਪ੍ਰਚਾਰਕ,ਗਰੰਥੀ ਇਸ ਦੀ ਵਰਤੋਂ ਕਰਨ ਲਗ ਪਏ ਹਨ। ਜਿਸ ਕਾਰਨ ਇਹ ਹੋਰ ਪਰਚਲਤ ਹੁੰਦੀ ਜਾ ਰਹੀ ਹੈ। ਜੇਕਰ ਧਰਮ ਦੇ ਰਖਵਾਲੇ ਹੀ ਧਰਮ-ਵਿਰੋਧੀ ਕੁਕਰਮਾਂ ਵਿਚ ਫਸ ਜਾਣ ਤਾਂ ਆਮ ਸਿਖ ਸੰਗਤ, ਸਿਖ ਜਨਤਾ, ਸਿਖ ਨੌਜਵਾਨਾਂ ਨੂੰ ਸਿਧੇ ਰਾਹ ਪਾਉਣ ਵਾਲਾ ਜਾਂ ਰੋਕਣ ਵਾਲਾ ਫਿਰ ਕੌਣ ਹੈ? ਸ਼ਰਾਬ ਦੇ ਅਨੇਕਾਂ ਹੀ ਹਾਨੀਕਾਰਕ ਅਸਰ ਹਨ। ਸ਼ਰਾਬ ਮਨੁੱਖੀ ਸਰੀਰ, ਮਨ, ਆਤਮਾ ਨੂੰ ਰੋਗੀ ਬਣਾ ਦੇਂਦੀ ਹੈ। ਅਰੋਗ ਮਨ ਜਾਂ ਅਰੋਗ ਖ਼ਿਆਲਾਂ ਨਾਲ ਹੀ ਅਰੋਗ ਆਤਮਾ ਜਾਂ ਅਰੋਗ ਸਰੀਰ ਹੋ ਸਕਦਾ ਹੈ।

## ਇਸ ਬਾਰੇ ਗੁਰਮਤਿ-ਵੀਚਾਰ ਇਉਂ ਹੈ—

ਸਿਖ ਦਾ ਇਸ਼ਟ ਗੁਰੂ ਗਰੰਥ ਸਾਹਿਬ ਜੀ ਹਨ। ਗੁਰਬਾਣੀ ਨੂੰ ਮੰਨਣ ਵਾਲਾ ਹੀ ਸਿਖ ਅਖਵਾ ਸਕਦਾ



www.AKJ.Org

ਹੈ । ਗੁਰ-ਮਰਯਾਦਾ ਤੇ ਗੁਰਮਤਿ ਰਹਿਤ ਤੇ ਚਲਣਾ ਹੀ ਸਿੱਖੀ ਹੈ । ਸ਼ਰਾਬ ਪੀਣ ਵਾਲੇ ਕਈ ਸਿਖ ਇਹ ਕਹਿੰਦੇ ਸੁਣੇ ਗਏ ਹਨ ਕਿ "ਸ਼ਰਾਬ ਨੂੰ ਚਹੁੰ ਬਜਰ ਕੁਰਹਿਤਾਂ ਵਿਚ ਨਹੀਂ ਲਿਖਿਆ, ਸੋ ਸਿਖ ਪਤਤ ਨਹੀਂ ਹੁੰਦਾ।" ਪਿਆਰਿਓ, ਏਸੇ ਪ੍ਰਸ਼ਨ ਦਾ ਉਤਰ ਦੇਣ ਲਈ ਇਹ ਲੇਖ ਹੈ। ਜ਼ਰਾ ਸੋਚੋ, ਜੇ ਉਹ ਪਤਿਤ ਨਹੀਂ ਹੁੰਦਾ ਤਾਂ ਉਹ ਤਾਂ ਗੁਰੂ ਗਰੰਥ ਸਾਹਿਬ ਜੀ ਦਾ ਸਿਖ ਹੀ ਨਹੀਂ ਰਹਿੰਦਾ। ਗੁਰਬਾਣੀ ਗੁਰ-ਮਰਯਾਦਾ ਸਾਨੂੰ ਸਾਰੇ ਨਸ਼ਿਆਂ ਤੋਂ ਰੋਕਦੀ ਹੈ। ਜੋ ਸਿਖ ਗੁਰਬਾਣੀ, ਗੁਰ-ਸ਼ਬਦ ਦੇ ਹੁਕਮ ਦੀ ਉਲੰਘਣਾ ਕਰਦਾ ਹੈ ਉਹ ਗੁਰੂ ਗਰੰਥ ਸਾਹਿਬ ਜੀ ਦਾ ਸਿਖ ਅਖਵਾਉਣ ਦਾ ਕਿਵੇਂ ਹੱਕਦਾਰ ਹੋ ਸਕਦਾ ਹੈ। ਗੁਰੂ ਗਰੰਥ ਜੀ ਸਾਨੂੰ ਸ਼ਰਾਬ ਪੀਣ ਤੋਂ ਖ਼ਾਸ ਤੌਰ ਤੇ ਮਨ੍ਹਾ ਕਰਦੇ ਹਨ। ਸਤਿਗੁਰੂ ਜੀ ਦਾ ਸਿਖ ਨੂੰ ਉਪਦੇਸ਼ ਹੈ:—

> ਮਾਣਸੁ ਭਰਿਆ ਆਣਿਆ, ਮਾਣਸੁ ਭਰਿਆ ਆਇ॥ ਜਿਤੁ ਪੀਤੈ ਮਤਿ ਦੂਰਿ ਹੋਇ, ਬਰਲੁ ਪਵੈ ਵਿਚਿ ਆਇ॥ ਆਪਣਾ ਪਰਾਇਆ ਨ ਪਛਾਣਈ, ਖਸਮਹੁ ਧਕੇ ਖਾਇ॥ ਜਿਤੁ ਪੀਤੈ ਖਸਮੁ ਵਿਸਰੈ ਦਰਗਹ ਮਿਲੈ ਸਜਾਇ॥ ਝੂਠਾ ਮਦੁ ਮੂਲਿ ਨ ਪੀਚਈ, ਜੇ ਕਾ ਪਾਰਿ ਵਸਾਇ॥ ਨਾਨਕ ਨਦਰੀ ਸਚੁ ਮਦੁ ਪਾਈਐ, ਸਤਿਗੁਰੁ ਮਿਲੈ ਜਿਸੁ ਆਇ॥ ਸਦਾ ਸਾਹਿਬ ਕੈ ਰੰਗਿ ਰਹੈ, ਮਹਲੀ ਪਾਵੈ ਥਾਉ॥੧॥
>
> [ਵਾਰ ਬਿਹਾਗੜਾ, ਸਲੋਕ ਮ: ੩, ਪੰ. ੫੫੪

ਕੀ ਅਜੇ ਵੀ ਕਿਸੇ ਸਿਖ ਨੂੰ ਸ਼ਕ ਜਾਂ ਭੁਲੇਖਾ ਰਹਿ ਜਾਂਦਾ ਹੈ ਕਿ ਸਾਨੂੰ ਕਿਹੜਾ ਗੁਰੂ ਨੇ ਮਨ੍ਹਾ ਕੀਤਾ ਹੈ ? ਸਤਿਗੁਰੂ ਜੀ ਤਾਂ ਇਸ ਝੂਠੇ ਮਦ ਤੋਂ ਸਾਫ਼ ਮਨ੍ਹਾ ਕਰਦੇ ਹਨ—"ਝੂਠਾ ਮਦੁ ਮੂਲ ਨ ਪੀਚਈ"। ਇਸ ਮਦ (ਸ਼ਰਾਬ) ਦੇ ਪੀਣ ਨਾਲ ਮਤ ਮਾਰੀ ਜਾਂਦੀ ਹੈ; ਆਪਣੇ ਤੇ ਪਰਾਏ ਦੀ ਪਛਾਣ ਨਹੀਂ ਰਹਿੰਦੀ; ਵਾਹਿਗੁਰੂ ਦੇ ਦਰੋਂ ਧੱਕੇ ਪੈਂਦੇ ਹਨ ਅਤੇ ਦਰਗਾਹ ਵਿਚੋਂ ਸਜ਼ਾ ਮਿਲਦੀ ਹੈ, ਕੀ ਐਸੀ ਸ਼ਰਾਬ ਨੂੰ ਪੀਣਾ ਗੁਰਸਿਖਾਂ ਲਈ ਵਿਵਰਜਿਤ ਨਹੀਂ ? ਕੀ ਵਾਹਿਗੁਰੂ ਦੇ ਦਰ ਤੋਂ ਧੱਕੇ ਪੈਣ ਵਾਲੇ ਅਤੇ ਦਰਗਾਹ ਤੋਂ ਸਜ਼ਾ ਮਿਲਣ ਵਾਲੇ ਨੂੰ ਅਸੀਂ ਪਤਿਤ ਨਹੀਂ ਆਖ ਸਕਦੇ ? ਜੇ ਨਹੀਂ ਤਾਂ ਉਸ ਨੂੰ ਕੀ ਆਖਾਂਗੇ ?

ਗੁਰੂ ਨਾਨਕ ਸਾਹਿਬ ਜੀ ਇਸੇ ਵਾਰ ਦੇ ਸਲੋਕ ਵਿਚ ਹੋਰ ਫ਼ੁਰਮਾਉਂਦੇ ਹਨ ਕਿ—

> ਇਤੁ ਮਦਿ ਪੀਤੈ ਨਾਨਕਾ, ਬਹੁਤੇ ਖਟੀਅਹਿ ਬਿਕਾਰ॥......
>
> [ਪੰਨਾ ੫੫੩

ਐਸੀ ਸ਼ਰਾਬ ਜੋ ਗੁੜ, ਲਾਹਣਿ ਤੇ ਭਠੀ ਵਿਚ ਤਿਆਰ ਕੀਤੀ ਜਾਂਦੀ ਹੈ ਤੇ ਜਿਸ ਦੇ ਪੀਣ ਨਾਲ ਹਰ ਪਰਕਾਰ ਦੇ ਵਿਕਾਰ ਪੈਦਾ ਹੁੰਦੇ ਹਨ, ਇਹ ਸ਼ਰਾਬ ਹੀ ਸਭ ਔਗੁਣਾਂ ਦੀ ਜੜ੍ਹ ਹੈ। ਇਸ ਦੇ ਵਰਤਣ ਵਾਲਾ ਕਦੇ ਔਗੁਣਾਂ ਤੋਂ ਬਚ ਨਹੀਂ ਸਕਦਾ। ਉਸ ਨੂੰ ਗੁਰਮਤਿ ਤੇ ਗੁਰਸਿਖੀ ਦੀ ਕੀ ਸਾਰ ਹੋ ਸਕਦੀ ਹੈ ? ਜਿਸ ਸਿਖ ਦੇ ਅੰਦਰ ਅੰਮ੍ਰਿਤ ਦੀ ਤਾਂਘ ਹੈ, ਕਦਰ ਹੈ, ਉਹ ਸ਼ਰਾਬ ਨੂੰ ਕਦੇ ਥੁਕੇਗਾ ਵੀ ਨਹੀਂ। ਪਰ ਜੋ ਸ਼ਰਾਬ ਪੀਂਦਾ ਹੈ ਉਸ ਨੂੰ ਅੰਮ੍ਰਿਤ ਦੇ ਰਸ ਦਾ ਕੀ ਪਤਾ ? ਸਾਹਿਬ ਫ਼ੁਰਮਾਉਂਦੇ ਹਨ—

> ਕਾਂਯਾਂ ਲਾਹਿਣ ਆਪੁ ਮਦੁ, ਅੰਮ੍ਰਿਤ ਤਿਸ ਕੀ ਧਾਰ॥ ਸਤ-ਸੰਗਤਿ ਸਿਉ ਮੇਲਾਪੁ ਹੋਇ, ਲਿਵ ਕਟੋਰੀ ਅੰਮ੍ਰਿਤ ਭਰੀ, ਪੀ ਪੀ ਕਟਹਿ ਬਿਕਾਰ॥
>
> [ਪੰਨਾ ੫੫੩

ਸਤਿਸੰਗਤਿ ਵਿਚ ਆਉਣ ਵਾਲਾ, ਤੇ ਅੰਮ੍ਰਿਤ ਛਕਣ ਵਾਲਾ, ਜੇ ਅਜੇ ਸ਼ਰਾਬ ਪੀਂਦਾ ਹੈ ਤਾਂ ਉਸ ਨੂੰ ਅੰਮ੍ਰਿਤ ਦੀ ਸਾਰ ਹੀ ਨਹੀਂ ਆਈ। ਜਿਸ ਮੂੰਹ ਵਿਚ ਅੰਮ੍ਰਿਤ ਪਾਇਆ ਜਾਵੇ, ਉਸ ਮੂੰਹ ਵਿਚ ਬਿਖ (ਵਿਸ਼ਟਾ) ਕੌਣ ਪਾਵੇਗਾ ? ਅੰਮ੍ਰਿਤ ਬਾਣੀ ਹੈ। "ਅੰਮ੍ਰਿਤ ਏਕੋ ਸਬਦ ਹੈ।" ਸਿਖ ਨੇ ਬਾਣੀ ਜਿਸ ਰਸਨਾ ਨਾਲ ਪੜ੍ਹਨੀ ਹੈ, ਉਸ ਰਸਨਾ ਨੂੰ ਬਿਖ ਸ਼ਰਾਬ ਪਿਲਾਣੀ, ਬਾਣੀ ਦਾ ਨਿਰਾਦਰ ਹੈ । ਸਾਡੇ ਗੁਰਦਵਾਰਿਆਂ ਦੇ ਆਗੂ ਜ਼ਰਾ ਗੁਰੂ ਦੇ ਹੁਕਮਾਂ ਵਲ ਧਿਆਨ ਦੇਣ, ਪੰਚਮ ਪਾਤਸ਼ਾਹ ਜੀ ਫ਼ੁਰਮਾਉਂਦੇ ਹਨ :—

> ਦੁਰਮਤਿ ਮਦੁ ਜੋ ਪੀਵਤੇ, ਬਿਖਲੀਪਤਿ ਕਮਲੀ॥
> ਰਾਮ ਰਸਾਇਣਿ ਜੋ ਰਤੇ, ਨਾਨਕ ਸਚ ਅਮਲੀ॥
>
> [ਆਸਾ ਮ: ੫, ਪੰਨਾ ੩੯੯

ਇਹ ਸ਼ਰਾਬ ਪੀਣ ਵਾਲੇ ਮਨੁਖ ਗੁਰੂ ਦਾ ਆਸਰਾ ਛਡ ਕੇ ਖੋਟੀ ਮਤ ਦੇ ਪਿਛੇ ਲਗ ਜਾਂਦੇ ਹਨ। ਇਹ

[ਬਾਕੀ ਦੇਖੋ ਸਫ਼ਾ ੩੦ ਤੇ ਪੰਨਾਂ]

www.AKJ.Org

# ਗੁਰੂ-ਮਾਰੀ ਸਰਹਿੰਦ

[ ਵਲੋਂ ਸ: ਸੇਵਾ ਸਿੰਘ ਜੀ ਸੇਵਕ, ਤਰਨ ਤਾਰਨ ]

ਸੰਨ ੧੭੩੬ ਈਸਵੀ ਨੂੰ ਨਵਾਬ ਕਪੂਰ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਦੇ ਮਾਲਵੇ ਵਿਚ ਪੁਜਣ ਦੀ ਖ਼ਬਰ ਸੁਣ ਕੇ ਬਾਬਾ ਆਲਾ ਸਿੰਘ ਨੇ ਉਹਨਾਂ ਨੂੰ ਬੜੇ ਸਤਿਕਾਰ ਨਾਲ 'ਜੀ ਆਇਆਂ' ਆਖਿਆ ਅਤੇ ਠੀਕਰੀ ਵਾਲੇ ਉਤਾਰਾ ਕਰਵਾਇਆ। ਲੰਗਰ ਵਾਸਤੇ ਖੁਲ੍ਹੀਆਂ ਰਸਦਾਂ ਭੇਜ ਦਿਤੀਆਂ। ਬਹੁਤ ਸਾਰਾ ਦਸਵੰਧ ਜਮ੍ਹਾ ਹੋਇਆ ਸੀ, ਜੋ ਪੰਥ ਦੇ ਕੰਮਾਂ ਲਈ ਖ਼ਰਚ ਕਰਨ ਵਾਸਤੇ ਕਪੂਰ ਸਿੰਘ ਦੇ ਹਵਾਲੇ ਕੀਤਾ ਗਿਆ। ਭਾਦੋਂ ਦੀ ਸੰਗਰਾਂਦ ਵਾਲੇ ਦਿਨ ਬਾਬਾ ਆਲਾ ਸਿੰਘ ਨੇ ਆਪਣੇ ਸ਼ਾਹੀ ਮਕਾਨ ਵਿਚ ਅਖੰਡ ਪਾਠ ਦਾ ਭੋਗ ਪਵਾਇਆ ਤੇ ਕਪੂਰ ਸਿੰਘ ਜੀ ਦੀ ਜੱਥੇਦਾਰੀ ਹੇਠ ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਪਾਨ ਕੀਤਾ। ਹਜ਼ਾਰਾਂ ਰੁਪਿਆਂ ਦੇ ਸ਼ਸਤਰ ਬਸਤਰ, ਘੋੜੇ, ਭਾਂਤ ਭਾਂਤ ਰੰਗਾਂ ਦੇ ਖੇਸ, ਲੁੰਗੀਆਂ ਅਤੇ ਰੇਸ਼ਮੀ ਦੁਸ਼ਾਲੇ ਜਥੇ ਦੀ ਭੇਟ ਕੀਤੇ। ਇਸ ਖ਼ੁਸ਼ੀ ਵਿਚ ਬਾਬਾ ਆਲਾ ਸਿੰਘ ਨੇ ਠੀਕਰੀ ਵਾਲੇ ਵਿਖੇ ਨਵਾਬ ਕਪੂਰ ਸਿੰਘ ਦੇ ਅਸਥਾਨ ਤੇ ਸਦੀਵੀ ਯਾਦਗਾਰ ਕਾਇਮ ਕਰਨ ਲਈ ਇਕ ਖੂਹ ਲਵਾਇਆ, ਜੋ ਅਜੇ ਤਕ ਕਾਇਮ ਹੈ। ਅੰਮ੍ਰਿਤ ਪਾਨ ਕਰਨ ਉਪਰੰਤ ਨਵਾਬ ਕਪੂਰ ਸਿੰਘ ਦੇ ਬੁੱਢੇ ਦਲ ਦੀ ਸਹਾਇਤਾ ਨਾਲ ਆਲਾ ਸਿੰਘ ਨੇ ਰਿਆਸਤ ਪਟਿਆਲਾ ਦੇ ਨਾਲ ਲਗਵੇਂ ਮੁਸਲਿਮ ਰਈਸਾਂ ਦੇ ਇਲਾਕੇ ਆਪਣੇ ਤਹਿਤ ਵਿਚ ਲੈ ਆਂਦੇ। ਇਹ ਰਈਸ ਪਟਿਆਲਾ ਰਿਆਸਤ ਦਾ ਅਮਨ ਭੰਗ ਕਰਦੇ ਰਹਿੰਦੇ ਸਨ। ਫਿਰ ਬਾਬਾ ਆਲਾ ਸਿੰਘ ਦੇ ਕਹਿਣ ਉਤੇ ਸਰਹਿੰਦ ਦੀ ਨਿਰਦਈ ਹਕੂਮਤ ਨੂੰ ਸੋਧਣ ਦਾ ਪ੍ਰੋਗਰਾਮ ਬਣਾਇਆ ਗਿਆ।

ਭਾਰਤ ਦੇ ਮੁਸਲਿਮ ਇਤਿਹਾਸ ਵਿਚ ਸਰਹਿੰਦ ਸ਼ਹਿਰ ਵਿਸ਼ੇਸ਼ ਮਹਾਨਤਾ ਰਖਦਾ ਸੀ। ਫ਼ੀਰੋਜ਼ ਸ਼ਾਹ ਤੁਗ਼ਲਕ ਨੇ ਇਸ ਸ਼ਹਿਰ ਨੂੰ ਬੜੀ ਰੌਣਕ ਦਿਤੀ ਸੀ। ਮੁਗ਼ਲ ਰਾਜ ਸਮੇਂ ਵੀ ਅਕਬਰ ਵਰਗੇ ਮਸ਼ਹੂਰ ਸ਼ਹਿਨਸ਼ਾਹ ਗਰਮੀਆਂ ਵਿਚ ਕਸ਼ਮੀਰੋਂ ਮੁੜਦੇ ਹੋਏ ਇਥੇ ਠਹਿਰਦੇ ਹੁੰਦੇ ਸਨ। ਇਹ ਇਕ ਵੱਖਰਾ ਸੂਬਾ ਹੁੰਦਾ ਸੀ ਅਤੇ ਇਸ ਦੇ ਅਧੀਨ ੨੨ ਪਰਗਣੇ ਹੁੰਦੇ ਸਨ। ਇਥੇ ਹੀ ਵਜ਼ੀਰ

---

[ਸਫ਼ਾ ੨੯ ਦੀ ਬਾਕੀ]

ਫਿਰ (ਦੁਰਾਚਾਰਨ ਦੇ ਪਤੀ) ਭਾਵ ਦੁਰਾਚਾਰੀ, ਵਿਕਾਰੀ ਹੋ ਜਾਂਦੇ ਹਨ। ਪਰ ਜੋ ਮਨੁਖ ਪ੍ਰਭੂ-ਨਾਮ ਦਾ ਰਸ ਪੀਂਦੇ ਹਨ, ਸਤਿਗੁਰੂ ਕਹਿੰਦੇ ਹਨ ਉਹ ਅਟੱਲ, ਸਰੇਸ਼ਟ, ਸਦਾ ਰਹਿਣ ਵਾਲੇ ਨਾਮ-ਰਸ ਵਿਚ ਮਸਤ ਰਹਿੰਦੇ ਹਨ, ਤੇ ਨਾਮ-ਰਸ ਦੇ ਅਮਲੀ ਹੋ ਜਾਂਦੇ ਹਨ।

ਇਕ ਸਮੇਂ ਮਨੁੱਖ ਇਕੋ ਹੀ ਕਰਮ ਕਰ ਸਕਦਾ ਹੈ, ਚੰਗਾ ਜਾਂ ਮੰਦਾ। ਜੇ ਉਹ ਲੋਕ-ਦਿਖਾਵੇ ਲਈ ਕੋਈ ਚੰਗਾ ਕੰਮ ਵੀ ਕਰਦਾ ਹੈ ਤਾਂ ਉਹ ਵਾਹਿਗੁਰੂ ਨੂੰ ਨਹੀਂ ਪਤਿਆ ਸਕਦਾ, ਜੇ ਅੰਦਰੋਂ ਜਾਂ ਨਾਲ ਨਾਲ ਮੰਦਾ ਕਰਮ ਨਹੀਂ ਛੱਡਦਾ। ਮਨੁੱਖ ਇਕ ਪੈਰ ਤੇ ਖੜਾ ਹੋ ਸਕਦਾ ਹੈ ਅਤੇ ਦੂਜਾ ਉਤਾਂਹ ਚੁਕ ਸਕਦਾ ਹੈ। ਪਰ ਜੇ ਉਹ ਚਾਹੇ ਕਿ ਦੂਜਾ ਪੈਰ ਜਿਸ ਤੇ ਖੜਾ ਹੈ, ਉਹ ਵੀ ਉਤਾਂਹ ਚੁਕੇ ਤਾਂ ਉਸ ਨੂੰ ਪਹਿਲਾਂ ਜੋ ਉਪਰ ਹੈ, ਥਲੇ ਕਰਨਾ ਪਵੇਗਾ। ਸੋ ਆਦਮੀ ਜਾਂ ਤਾਂ ਨੇਕੀ ਕਰ ਰਿਹਾ ਹੁੰਦਾ ਹੈ ਜਾਂ ਬਦੀ। ਜੇ ਉਸ ਦੇ ਦਿਲ ਦੀ ਨੀਯਤ ਬਦੀ ਵਾਲੇ ਕਰਮ ਨਹੀਂ ਛਡਦੀ ਤਾਂ ਉਸ ਦੇ ਨੇਕ ਕੰਮ ਵੀ ਵਿਖਾਵਾ ਹੈ।

ਜੋ ਇਹ ਕਹਿੰਦੇ ਹਨ ਕਿ ਅਸੀਂ ਧਾਰਮਕ ਆਗੂ ਵੀ ਬਣੇ ਰਹੀਏ ਤੇ ਗੁਰਮਤਿ-ਵਿਰੋਧੀ ਕਰਮ ਵੀ ਕਰਦੇ ਜਾਈਏ, ਉਹ ਥੋੜੀ ਦੇਰ ਲਈ ਤਾਂ ਛੁਪ ਸਕਦੇ ਹਨ ਪਰ ਬਹੁਤਾ ਚਿਰ ਨਹੀਂ। ਜੋ ਇਹ ਕਹਿੰਦੇ ਹਨ ਕਿ ਫਲਾਣਾ ਬਹੁਤ ਗੁਰਮੁਖ ਹੈ, ਸੇਵਾ ਕਰਦਾ ਹੈ, ਦਾਨ ਵੀ ਬਹੁਤ ਕਰਦਾ ਹੈ ਪਰ ਸ਼ਰਾਬ ਵੀ ਪੀਂਦਾ ਹੈ, ਉਸ ਦੀ ਸੇਵਾ, ਦਾਨ ਆਦਿ ਵਿਚ ਵੀ ਕੋਈ ਸਵਾਰਥ ਭਰੀ ਹਉਮੈ ਹੋਵੇਗੀ; ਉਹ ਗੁਰੂ-ਦਰਬਾਰ ਪਰਵਾਨ ਨਹੀਂ ਹੋ ਸਕਦੀ, ਆਖ਼ਰ ਜ਼ਾਹਰ ਹੋ ਜਾਵੇਗੀ।



www.AKJ.Org

ਖ਼ਾਨ ਨੇ ਕਲਗੀਧਰ ਦੇ ਦੋ ਮਸੂਮ ਸਾਹਿਬਜ਼ਾਦੇ ਨੀਹਾਂ ਵਿਚ ਚਿਣਾਏ ਸਨ । ਉਸ ਦਿਨ ਤੋਂ ਪਿਛੋਂ ਸਿੰਘ ਸਰਹਿੰਦ ਨੂੰ "ਗੁਰੂ-ਮਾਰੀ ਸਰਹਿੰਦ" ਕਹਿਣ ਲਗ ਪਏ ਸਨ । ਹਰੇਕ ਸਿੰਘ ਨੂੰ ਇਸ ਟਿਕਾਣੇ ਤੋਂ ਇਤਨੀ ਘਿਰਣਾ ਸੀ ਕਿ ਜਦ ਵੀ ਖ਼ਾਲਸੇ ਦਾ ਕੋਈ ਜੱਥਾ ਇਸ ਦੇ ਆਸੇ ਪਾਸੇ ਤੋਂ ਗੁਜ਼ਰਦਾ ਅਤੇ ਸਰਹਿੰਦ ਦਾ ਨਾਮ ਸੁਣਦਾ ਤਾਂ ਸਿੰਘਾਂ ਦੇ ਚਿਹਰੇ ਗੁੱਸੇ ਨਾਲ ਲਾਲ ਹੋ ਜਾਂਦੇ, ਉਹਨਾਂ ਦੀਆਂ ਭਵਾਂ ਤਣ ਜਾਂਦੀਆਂ । ਉਹ ਆਪਣਾ ਰਾਹ ਛਡ ਦਿੰਦੇ ਤੇ ਸਰਹਿੰਦ ਵਲ ਮੂੰਹ ਕਰ ਲੈਂਦੇ । ਉਹ ਜ਼ਖ਼ਮੀ ਸ਼ੇਰਾਂ ਵਾਂਗ ਸਰਹਿੰਦ ਦੇ ਖੋਲਿਆਂ ਉਤੇ ਪੈਂਦੇ ਤੇ ਉਸ ਦੀਆਂ ਰਹਿੰਦੀਆਂ ਖੂੰਦੀਆਂ ਇੱਟਾਂ ਪੁੱਟ ਕੇ ਨਾਲ ਵਗਦੀ ਨਦੀ ਵਿਚ ਸੁਟਦੇ ਤਾਂ ਇਉਂ ਆਪਣਾ ਗੁੱਸਾ ਮੱਠਾ ਕਰਦੇ। ਇਸ ਤਰ੍ਹਾਂ ਗੁਰੂ ਮਾਰੀ ਸਰਹਿੰਦ ਨੂੰ ਥੋੜੇ ਥੋੜੇ ਵਕਫ਼ੇ ਪਿਛੋਂ ਮਾਰ ਪੈਂਦੀ ਰਹਿੰਦੀ ।

੧੭੧੦ ਈ: ਨੂੰ ਬਾਬਾ ਬੰਦਾ ਸਿੰਘ ਬਹਾਦਰ ਨੇ ਇਸੇ ਸਰਹਿੰਦ ਦੀ ਇੱਟ ਨਾਲ ਇੱਟ ਖੜਕਾਈ ਸੀ ਤੇ ਚੌ-ਬਲਦਾ ਸੁਹਾਗਾ ਫੇਰਿਆ ਸੀ । ਹੁਣ ਸਰਹਿੰਦ ਉਤੇ ਨਵਾਬ ਕਪੂਰ ਸਿੰਘ ਦੇ ਹੁਕਮ ਨਾਲ ਖ਼ਾਲਸਾ ਦਲ ਟੁੱਟ ਪਿਆ । ਤੁਰਕੀ ਫ਼ੌਜ ਮੈਦਾਨ ਛੱਡ ਕੇ ਭੱਜ ਗਈ ਤੇ ਖ਼ਾਲਸਾ ਦਲ ਵਿਜੇ ਦਾ ਝੰਡਾ ਲੈ ਕੇ ਸ਼ਾਹੀ ਖ਼ਜ਼ਾਨੇ ਉਤੇ ਜਾ ਪਿਆ। ਲੱਖਾਂ ਰੁਪਏ ਜੋ ਦਿਲੀ ਭੇਜਣ ਲਈ ਇਨ੍ਹਾਂ ਨੇ ਗਰੀਬਾਂ ਉਤੇ ਅਤਿਆਚਾਰ ਕਰ ਕੇ ਆਪਣੇ ਖ਼ਜ਼ਾਨੇ ਭਰੇ ਹੋਏ ਸਨ, ਲੁੱਟ ਲਏ ਗਏ । ਬਹੁਤ ਸਾਰੇ ਚੰਗੇ ਘੋੜੇ ਤੇ ਹਥਿਆਰ ਖ਼ਾਲਸੇ ਦੇ ਹੱਥ ਲਗੇ। ਕਈ ਦਿਨ ਉਥੇ ਠਹਿਰਨ ਤੋਂ ਬਾਅਦ ਖ਼ਾਲਸਾ ਦਲ ਨੇ ਸਰਹਿੰਦ ਦਾ ਰਾਜ ਬਾਬਾ ਆਲਾ ਸਿੰਘ ਦੇ ਸਪੁਰਦ ਕਰ ਕੇ ਕੂਚ ਕਰ ਦਿਤਾ ।

ਸਰਹਿੰਦ ਤੋਂ ਚੱਲ ਕੇ ਕਪੂਰ ਸਿੰਘ ਦੀ ਅਗਵਾਈ ਹੇਠ ਬੁਢੇ ਦਲ ਨੇ ਦਰਿਆ ਬਿਆਸ ਪਾਰ ਕਰ ਕੇ, ਸ੍ਰੀ ਗੋਇੰਦਵਾਲ ਤੇ ਸ੍ਰੀ ਤਰਨ ਤਾਰਨ ਦੇ ਇਸ਼ਨਾਨ ਕਰ ਕੇ, ਬਾਸਰਕੇ ਬੀੜ ਵਿਚ ਜਾ ਡੇਰਾ ਲਾਇਆ । ਬੁਢੇ ਦਲ ਨੂੰ ਬੀੜ ਵਿਚ ਟਿਕਿਆਂ ਅਜੇ ਦੋ ਹੀ ਦਿਨ ਹੋਏ ਸਨ ਕਿ ਲਾਹੌਰ ਦੀ ਸ਼ਾਹੀ ਫ਼ੌਜ ਨੇ ਸੱਤ ਹਜ਼ਾਰ ਦੀ ਗਿਣਤੀ ਨਾਲ ਬੀੜ ਦਾ ਘੇਰਾ ਘੱਤ ਲਿਆ । ਖ਼ਾਨ ਬਹਾਦਰ ਨੂੰ ਸਰਹਿੰਦ ਦੇ ਉਜਾੜੇ ਦਾ ਦੁਖ ਸੀ। ਉਸ ਨੂੰ ਵੀ ਪਤਾ ਲਗ ਗਿਆ ਸੀ ਕਿ ਸਰਹਿੰਦ ਦਾ ਖ਼ਜ਼ਾਨਾ ਅਜੇ ਖ਼ਾਲਸੇ ਦੇ ਪਾਸ ਉਸ ਤਰ੍ਹਾਂ ਪਿਆ ਹੈ । ਸ਼ਾਹੀ ਫ਼ੌਜ ਦੀ ਅਗਵਾਈ ਕਰਨ ਲਈ ਹੈਬਤ ਖ਼ਾਂ, ਦੀਵਾਨ ਲਖਪਤ ਰਾਏ, ਸਲਾਬਤ ਖ਼ਾਂ ਅਤੇ ਕੁਤਬਦੀਨ ਖ਼ਾਨ ਆਦਿ ਜਰਨਲ ਮੁਕੱਰਰ ਕੀਤੇ ਗਏ। ਸੱਤ ਹਜ਼ਾਰ ਦੀ ਗਿਣਤੀ ਨੇ ਖ਼ਾਲਸੇ ਨੂੰ ਸੱਜੇ ਖਬੇ ਤੋਂ ਘੇਰ ਲਿਆ। ਫ਼ੌਜ ਦੇ ਪਹੁੰਚਣ ਸਾਰ ਕਪੂਰ ਸਿੰਘ ਨੇ ਬੁੱਢਾ ਦਲ ਦੇ ਦੋ ਹਿੱਸੇ ਕਰ ਦਿਤੇ । ਅਧੇ ਸਿੰਘ ਤਾਂ ਡਟ ਕੇ ਟਾਕਰਾ ਕਰਦੇ ਰਹੇ ਤੇ ਅਧੇ ਰਾਤ ਦੇ ਹਨੇਰੇ ਵਿਚ ਖ਼ਜ਼ਾਨਾ ਸਮੇਟ ਕੇ ਨੀਯਤ ਕੀਤੀ ਥਾਂ ਪੁਰ ਲੈ ਗਏ। ਖ਼ਜ਼ਾਨੇ ਨੂੰ ਲੈ ਜਾਣ ਦਾ ਕੰਮ ਜੱਸਾ ਸਿੰਘ ਆਹਲੂਵਾਲੀਏ ਨੇ ਕੀਤਾ । ਨਵਾਬ ਕਪੂਰ ਸਿੰਘ ਨੇ ਅੱਧੀ ਰਾਤ ਤਕ ਵੈਰੀ ਨੂੰ ਚੰਗੀ ਤਰ੍ਹਾਂ ਰੁਝੇਵੇਂ ਵਿਚ ਰਖਿਆ । ਜਦ ਉਨ੍ਹਾਂ ਸਮਝਿਆ ਕਿ ਹੁਣ ਖ਼ਜ਼ਾਨਾ ਕਾਫ਼ੀ ਦੂਰ ਚਲਾ ਗਿਆ ਹੋਵੇਗਾ ਤਾਂ ਹੌਲੀ ਹੌਲੀ ਖ਼ਾਲਸੇ ਨੇ ਯੁੱਧ-ਨੀਤੀ ਅਨੁਸਾਰ ਪਿਛਾਂਹ ਹਟਣਾ ਸ਼ੁਰੂ ਕਰ ਦਿਤਾ । ਵੈਰੀ ਨੇ ਅਗਾਂਹ ਵਧ ਕੇ ਹਮਲਾ ਕਰ ਦਿਤਾ। ਪਰ ਉਨ੍ਹਾਂ ਨੂੰ ਮੂੰਹ ਦੀ ਖਾਣੀ ਪਈ । ਇਸ ਯੁੱਧ ਵਿਚ ਸਲਾਬਤ ਖ਼ਾਨ, ਕੁਤਬਦੀਨ ਖ਼ਾਂ ਤੇ ਅਬਦੁਲ ਸਯੱਦ ਦਾ ਜਵਾਈ ਮਾਰੇ ਗਏ। ਇਨ੍ਹਾਂ ਜਰਨੈਲਾਂ ਦੀ ਮੌਤ ਹੋਣ ਨਾਲ ਸ਼ਾਹੀ ਫ਼ੌਜ ਬੇ-ਹੌਸਲਾ ਹੋ ਕੇ ਮੈਦਾਨ ਵਿਚੋਂ ਖਿਸਕਣ ਲਗੀ ਤੇ ਖ਼ਾਲਸਾ ਭੀ ਤਿਤਰ ਬਿਤਰ ਹੋ ਗਿਆ ।

ਗੁਰੂ ਜੀ ਦੇ ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰਨ ਵਾਲਿਆਂ ਦੀ ਸਰਹਿੰਦ ਤਾਂ ਖੋਲੇ ਖੋਲੇ ਹੋ ਗਈ ਪੁਰ ਸਾਹਿਬਜ਼ਾਦਿਆਂ ਦੀ ਯਾਦ ਵਿਚ ਗੁਰਦਵਾਰਾ ਫ਼ਤਿਹਗੜ੍ਹ ਸਾਹਿਬ ਦੇ ਝੂਲਦੇ ਨਿਸ਼ਾਨ ਸਾਹਿਬ ਮੀਲਾਂ ਤੋਂ ਦਿਖਾਈ ਦੇ ਰਹੇ ਹਨ ।

www.AKJ.Org

# ਭੰਗਾਣੀ ਦਾ ਜੁੱਧ—ਉਦਾਸੀ ਮਹੰਤ ਕਿਰਪਾਲ ਦੀ ਜ਼ਬਾਨੀ

## [ਦੂਜੀ ਕਿਸ਼ਤ]

[ ਵਲੋਂ—ਪ੍ਰਿੰਸੀਪਲ ਸੁਜਾਨ ਸਿੰਘ ਜੀ ]

ਮਹੰਤ ਕਿਰਪਾਲ ਜੀ ਨੇ ਅਗਾਂਹ ਦਸਣਾ ਸ਼ੁਰੂ ਕੀਤਾ—

"ਸਤਿਗੁਰਾਂ ਨੇ ਇਕ ਦਿਨ ਬੇੜੀਆਂ ਤਿਆਰ ਕਰਵਾਈਆਂ ਅਤੇ ਮਾਮਾ ਜੀ ਸ੍ਰੀ ਕਿਰਪਾਲ, ਸੰਗੋਸ਼ਾਹ-ਪੰਜ-ਭ੍ਰਾਤਾ, ਦੀਵਾਨ ਨੰਦ ਚੰਦ, ਸਾਹਿਬ ਚੰਦ ਆਦਿ ਸਮੇਤ ਜਮਨਾ ਨੂੰ ਪਾਰ ਕਰ ਕੇ ਪੂਰਬੀ ਕੰਢੇ ਜਾ ਉਤਰੇ। ਹੋਰ ਸਲਾਹਕਾਰ ਦੂਜੀਆਂ ਬੇੜੀਆਂ ਵਿਚ ਆਏ। ਪਾਰਲੇ ਮੈਦਾਨ ਦੀ ਤੁਰ ਫਿਰ ਕੇ ਚੰਗੀ ਤਰ੍ਹਾਂ ਘੋਖ ਕੀਤੀ ਗਈ। ਸਾਰਿਆਂ ਦੀ ਰਾਏ ਬਣੀ ਕਿ ਇਹ ਕੰਢਾ ਸਾਡੇ ਪੱਖ ਲਈ ਜੰਗ ਵਾਸਤੇ ਕਿਸੇ ਤਰ੍ਹਾਂ ਵੀ ਠੀਕ ਨਹੀਂ। ਇਕ ਤਾਂ ਆਪਣੀਆਂ ਫ਼ੌਜਾਂ ਨੂੰ ਬੇੜੀਆਂ ਤੇ ਇਸ ਪਾਰ ਲਿਆਉਣਾ ਪਵੇਗਾ ਤੇ ਨਾਲ ਸਾਰਾ ਅਸਲਾ ਵੀ ਚੁਕਾ ਕੇ ਇਧਰ ਲਿਆਉਣਾ ਪਵੇਗਾ। ਕੁਮਕਾਂ ਬੇੜੀਆਂ ਤੇ ਭੇਜਣੀਆਂ ਖ਼ਤਰੇ ਤੋਂ ਖ਼ਾਲੀ ਨਹੀਂ ਹੋਣਗੀਆਂ। ਜੰਗ ਦੀ ਲੋੜ ਅਨੁਸਾਰ, ਪਿਛੇ ਹਟਣ ਲਈ ਵੀ ਬਹੁਤੀ ਥਾਂ ਨਹੀਂ ਹੋਵੇਗੀ। ਦੂਜੇ ਬੰਨੇ ਪਾਰਲੇ ਕੰਢੇ ਤੇ ਪਾਉਂਟੇ ਸ਼ਹਿਰ ਦੇ ਲਾਗੇ ਜੰਗ ਰਚਣਾ ਵੀ ਜੰਗੀ ਚਾਲ ਅਨੁਸਾਰ ਠੀਕ ਨਹੀਂ ਸੀ।

"ਸ੍ਰੀ ਕਿਰਪਾਲ ਜੀ ਨੇ ਰਾਏ ਦਿੱਤੀ ਕਿ ਸਾਨੂੰ ਜੰਗ ਤਾਂ ਆਪਣੇ ਕੰਢੇ ਹੀ ਮੰਡਣਾ ਚਾਹੀਦਾ ਹੈ। ਇਸ ਤਰ੍ਹਾਂ ਇਸ ਪਾਰ ਲੜਨ ਦੇ ਜੋ ਘਾਟੇ ਸਾਨੂੰ ਹਨ, ਉਹ ਸ਼ਤਰੂ ਨੂੰ ਹੋਣਗੇ। ਹਮਲਆਵਰ ਉਹ ਹਨ। ਜੇ ਉਨ੍ਹਾਂ ਲੜਨਾ ਹੀ ਹੈ ਤਾਂ ਉਨ੍ਹਾਂ ਨੂੰ ਅਵੱਸ਼ੋਂ ਪਾਰ ਆਉਣਾ ਹੀ ਪਵੇਗਾ। ਉਨ੍ਹਾਂ ਨੂੰ ਜਮਨਾ ਪਾਰ ਕਰ ਲੈਣ ਦਿਤਾ ਜਾਵੇ। ਇਦਾਂ ਨਦੀ ਉਨ੍ਹਾਂ ਦੇ ਪਿਛੇ ਹੋ ਜਾਵੇਗੀ। ਗਿਰੀ ਨਦੀ ਤੇ ਜਮਨਾ ਦੇ ਵਿਚਕਾਰਲੇ ਭੰਗਾਂਣੀ ਦੇ ਮੈਦਾਨ ਵਿਚ ਹੀ ਉਹ ਫ਼ੌਜ ਨੂੰ ਉਤਾਰ ਸਕਦੇ ਹਨ। ਉਹ ਥਾਂ ਪਾਉਂਟੇ ਤੋਂ ਦੂਰ ਵੀ ਹੈ। ਮੈਦਾਨ ਚੌੜਾ ਘੱਟ ਹੈ ਪਰ ਜਮਨਾ ਦੇ ਕੰਢੇ ਨਾਲ ਨਾਲ ਕਾਫ਼ੀ ਲੰਮਾ ਹੈ। ਪਿਛੇ ਇਸ ਦੇ ਉੱਚਾ ਤੇ ਲੰਮਾ ਘਾਟਾ ਹੈ।

"ਦੀਵਾਨ ਨੰਦ ਚੰਦ ਨੂੰ ਉਨ੍ਹਾਂ ਦੀ ਵਿਉਂਤ ਜਚ ਗਈ। ਉਹ ਕਹਿਣ ਲੱਗਾ, 'ਸ੍ਰੀ ਜੀ, ਸਾਡੀਆਂ ਸੈਨਾਵਾਂ ਉੱਚੀ ਥਾਂ ਤੇ ਹੋਣ ਅਤੇ ਉਨ੍ਹਾਂ ਦੀਆਂ ਫ਼ੌਜਾਂ ਨੂੰ ਹੇਠਲੇ ਮੈਦਾਨ ਵਿਚ ਇਕੱਠਾ ਹੋਣ ਦਿਤਾ ਜਾਵੇ ਤੇ ਉਨਾ ਚਿਰ ਛੇੜ ਛਾੜ ਨਾ ਕੀਤੀ ਜਾਵੇ।'

"ਪੰਡਤ ਦਇਆ ਰਾਮ ਜੀ ਬੋਲੇ, 'ਇਹ ਵਿਉਂਤ ਮੇਰੇ ਦਿਲ ਵੀ ਲਗਦੀ ਹੈ। ਉੱਚੀ ਥਾਂ ਤੋਂ ਹੇਠਾਂ ਆਉਣ ਲਈ ਥਾਵਾਂ ਹਨ। ਥਲੇ ਵੀ ਬੰਦੂਕਚੀਆਂ ਦੇ ਮੋਰਚੇ ਹੋਣ। ਉਪਰੋਂ ਜੰਗੀ ਕੁਮਕਾਂ ਪਹੁੰਚਣ ਤੇ ਤਾਜ਼ਾ-ਦਮ ਹੱਲੇ ਹੋਣ।'

"ਸੰਗੋਸ਼ਾਹ ਜੀ ਨੇ ਕਿਹਾ, 'ਠੀਕ ਹੈ, ਪੰਡਤ ਜੀ, ਠੀਕ ਹੈ। ਸਾਡਾ ਅਸਲਾਖ਼ਾਨਾ ਵੀ ਉੱਚੇ ਘਾਟੇ ਤੇ ਹੋਵੇ। ਉਥੇ ਸਾਡਾ ਰਣ-ਖੰਭਾ ਲਾਇਆ ਜਾਵੇ ਤੇ ਨਿਸ਼ਾਨ ਝੂਲਣ।'

"ਜੀਤ ਮੱਲ ਜੀ ਨੇ ਕਿਹਾ, 'ਸਤਿਗੁਰੋ, ਘਾਟੇ ਦੇ ਪੈਰਾਂ ਵਿੱਚ ਸਾਡੇ ਧਨਖ-ਧਾਰੀ ਤੇ ਬੰਦੂਕਚੀ ਹੋਣ, ਜੋ ਦੁਸ਼ਮਨ ਦੀਆਂ ਵਧਦੀਆਂ ਅਣੀਆਂ ਨੂੰ ਫੁੰਡਣ ਤੇ ਫੇਰ ਸਾਡੇ ਘੋੜ-ਸਵਾਰ ਜੱਥੇ ਉਨ੍ਹਾਂ ਤੇ ਹਮਲੇ ਕਰਨ।'

"ਸਤਿਗੁਰੂ ਸਾਰੀਆਂ ਸਲਾਹਾਂ ਗ਼ੌਰ ਨਾਲ ਸੁਣਦੇ ਰਹੇ ਸਨ ਤੇ ਪਾਰੋਂ ਦਸੀਆਂ ਥਾਵਾਂ ਦਾ ਨਿਰੀਖਣ ਕਰਦੇ ਰਹੇ ਸਨ। ਇਹ ਥਾਵਾਂ ਪਹਿਲੋਂ ਵੀ ਉਨ੍ਹਾਂ ਕੋਲੋਂ ਭੁਲੀਆਂ ਹੋਈਆਂ ਨਹੀਂ ਸਨ। ਉਹ ਪ੍ਰਸੰਨ ਸਨ ਕਿ ਉਨ੍ਹਾਂ ਦੀ ਆਪਣੀ ਵਿਉਂਤ ਹੀ ਉਨ੍ਹਾਂ ਦੇ ਜੱਥੇਦਾਰ ਉਨ੍ਹਾਂ ਸਾਹਮਣੇ ਰਖ ਰਹੇ ਸਨ ਤੇ ਸਾਰਿਆਂ ਦੀ ਉਸ ਤੇ ਸਹਿਮਤੀ ਸੀ। ਸਤਿਗੁਰਾਂ ਫ਼ੁਰਮਾਇਆ, 'ਆਪ ਸਭ ਦੀਆਂ ਵਿਉਂਤਾਂ ਠੀਕ ਹਨ। ਛੋਟੀ ਮੋਟੀ ਅਦਲਾ ਬਦਲੀ ਫੇਰ ਸੋਚ ਲਈ ਜਾਵੇਗੀ।'

"ਸਾਹਿਬ ਚੰਦ ਨੇ ਕਿਹਾ, 'ਸਤਿਗੁਰੂ ਜੀ, ਉਸ ਘਾਟੇ ਦੀ ਉਸ ਟਿੱਬੀ ਤੇ ਰਾਮੇ ਬਾਢੀ ਦੀ ਤੋਪ ਰੱਖੀ ਜਾਵੇ। ਇਸ ਜੁੱਧ ਵਿਚ ਉਸ ਨੂੰ ਵੀ ਚਲਾ ਕੇ ਪਰਖ ਲਿਆ ਜਾਵੇ।'

www.AKJ.Org

"ਇਸ ਤਰ੍ਹਾਂ ਸੋਚ ਵਿਚਾਰ ਕਰ ਕੇ ਜੱਥੇਦਾਰਾਂ ਦਾ ਇਹ ਜੱਥਾ ਸ੍ਰੀ ਗੁਰੂ ਜੀ ਸਮੇਤ ਬੇੜੀਆਂ ਵਿੱਚ ਸਵਾਰ ਹੋ ਕੇ ਆਪਣੇ ਕੰਢੇ ਆ ਉਤਰਿਆ । ਦੂਜੇ ਦਿਨ ਹੀ ਜੰਗ-ਮੈਦਾਨ ਦੇ ਮੋਰਚੇ ਮੱਲਣ ਦੀਆਂ ਤਿਆਰੀਆਂ ਸ਼ੁਰੂ ਹੋ ਗਈਆਂ ।

"ਸਤਿਗੁਰੂ ਜੀ ਦੇ ਸ਼ਰਧਾਲੂ ਸਢੌਰੇ ਵਾਲੇ ਪੀਰ ਬੁੱਧੂਸ਼ਾਹ ਦੀ ਸਿਫ਼ਾਰਸ਼ ਤੇ ਸਤਿਗੁਰਾਂ ਨੇ ਪੰਜ ਪਠਾਣ ਸਰਦਾਰਾਂ ਭੀਖਣ ਖ਼ਾਨ, ਕਾਲੇ ਖ਼ਾਨ, ਹਯਾਤ ਖ਼ਾਨ, ਨਿਜਾ-ਬਤ ਖ਼ਾਨ ਤੇ ਜਵਾਹਰ ਖ਼ਾਨ ਨੂੰ ਸਮੇਤ ਉਨ੍ਹਾਂ ਦੇ ਮਾਤਹਿਤ ਸੌ ਸੌ ਪਠਾਣ ਸਵਾਰਾਂ ਦੇ, ਰੋਜ਼ੀਨੇ ਤੇ ਨੌਕਰ ਰੱਖਿਆ ਸੀ । ਇਹ ਪਠਾਣ ਰੋਜ਼ੀਨੇ ਲੈਂਦੇ ਤੇ ਜੰਗੀ ਕਰਤਬ ਤੇ ਕਵਾਇਦਾਂ ਕੀਤਾ ਕਰਦੇ ਸਨ । ਪਰ ਜਦ ਪਹਾੜੀਆਂ ਨਾਲ ਜੰਗ ਦਾ ਅਵਸਰ ਆਇਆ ਤਾਂ ਇਨ੍ਹਾਂ ਵਿਚੋਂ ਚਾਰ ਬੇਈਮਾਨ ਹੋ ਬੈਠੇ । ਇਹ ਸਾਰੇ ਔਰੰਗਜ਼ੇਬ ਦੀ ਫ਼ੌਜ ਦੇ ਨਾਮ-ਕਟੇ ਫੌਜੀ ਸਨ । ਕਾਲੇ ਖ਼ਾਨ ਤੋਂ ਬਿਨਾਂ ਚਾਰੇ ਸਰਦਾਰ ਸਤਿਗੁਰਾਂ ਕੋਲ ਹਾਜ਼ਰ ਹੋਏ ਤੇ ਕਹਿਣ ਲੱਗੇ ਕਿ ਸਾਨੂੰ ਆਪਣੇ ਘਰ-ਘਾਟ ਛਡਿਆਂ ਚਿਰ ਹੋ ਗਿਆ ਹੈ ਤੇ ਨਾਲੇ ਸਾਨੂੰ ਘਰਾਂ ਤੋਂ ਸੁਨੇਹੇ ਆਏ ਹਨ ਕਿ ਸਾਡੇ ਵਿੱਚ ਬਹੁਤਿਆਂ ਦੀਆਂ ਲੜਕੀਆਂ-ਲੜਕਿਆਂ ਦੀਆਂ ਸ਼ਾਦੀਆਂ ਰੱਖੀਆ ਗਈਆਂ ਹਨ ਅਤੇ ਅਸੀਂ ਘਰੀਂ ਜਾਣਾ ਹੈ । ਸੋ ਸਾਡੇ ਰੋਜ਼ੀਨੇ ਚੁਕਾ ਦਿਤੇ ਜਾਣ ਤੇ ਅਸੀਂ ਅੱਜ ਹੀ ਰੁਖ਼ਸਤ ਹੋ ਜਾਵੀਏ ।

"ਸਤਿਗੁਰੂ ਕਹਿਣ ਲੱਗੇ, 'ਦੇਖੋ ਬਈ ਖ਼ਾਨੋ, ਤੁਹਾਨੂੰ ਨੌਕਰ ਜੁੱਧਾਂ-ਜੰਗਾਂ ਲਈ ਰੱਖਿਆ ਗਿਆ ਸੀ । ਤੁਸੀਂ ਅਮਨ ਦੇ ਵੇਲੇ ਰੋਜ਼ੀਨੇ ਲੈਂਦੇ ਰਹੇ ਹੋ; ਹੁਣ ਲੜਾਈ ਦਾ ਮੌਕਾ ਆਇਆ ਹੈ ਤਾਂ ਬਹਾਨੇ ਕਰ ਕੇ ਦੌੜਦੇ ਹੋ । ਇਹ ਈਮਾਨਦਾਰੀ ਦੀ ਗੱਲ ਨਹੀਂ ।'

"ਖ਼ਾਨ ਹਯਾਤ ਬੋਲਿਆ, 'ਗੁਰੂ ਜੀ, ਇਹ ਗੱਲ ਨਹੀਂ, ਸੱਚ-ਮੁੱਚ ਹੀ ਸਾਡੇ ਘਰੀਂ ਵਿਆਹ ਹਨ । ਵੱਡੇ ਵੱਡੇ ਖ਼ਾਨਾਂ ਨਾਲ ਸਾਡੇ ਰਿਸ਼ਤੇ ਹਨ । ਜੇ ਇਸ ਵੇਲੇ ਵੀ ਅਸੀਂ ਨਾ ਜਾਈਏ ਤਾਂ ਅਸੀਂ ਬਰਾਦਰੀ ਵਿੱਚੋਂ ਛੇਕੇ ਜਾਵਾਂਗੇ ।'

"ਸਤਿਗੁਰੂ ਉਨ੍ਹਾਂ ਦੀ ਅੰਦਰਲੀ ਗੱਲ ਜਾਣਦੇ ਸਨ, ਪਰ ਫੇਰ ਵੀ ਉਹ ਬੋਲੇ, "ਪਠਾਣੋ, ਤੁਸੀਂ ਬਹਾਦਰ ਕੌਮ ਹੋ । ਜੰਗ-ਜੁੱਧ ਤੋਂ ਖ਼ੌਫ਼ ਨਹੀਂ ਖਾਂਦੇ । ਪਹਿਲੋਂ ਸਿਰ ਤੇ ਆਏ ਜੰਗ ਨੂੰ ਜਿੱਤੋ, ਫੇਰ ਧਨ-ਦੌਲਤ ਲੈ ਕੇ ਘਰੀਂ ਜਾਇਓ । ਰੱਬ ਤੁਹਾਡੇ ਸਾਰੇ ਕੰਮ ਸਵਾਰੇਗਾ । ਹੁਣ ਜਾਓਗੇ ਤਾਂ ਕਾਇਰ ਅਖਵਾਓਗੇ । ਜੇ ਧਨ ਦਾ ਲਾਲਚ ਹੈ ਤਾਂ ਤੁਹਾਡਾ ਰੋਜ਼ੀਨਾ ਵਧਾ ਦਿੰਦੇ ਹਾਂ, ਦੂਣਾ ਕਰ ਦਿੰਦੇ ਹਾਂ ।'

"ਨਿਜਾਬਤ ਬੋਲਿਆ, 'ਨਹੀਂ ਗੁਰੂ, ਹੁਣ ਅਸੀਂ ਰਹਿਣਾ ਈ ਨਹੀਂ । ਚਲੇ ਹੀ ਜਾਣਾ ਹੈ । ਜਿੰਨੀ ਨੌਕਰੀ ਕੀਤੀ ਹੈ, ਰੋਜ਼ੀਨਾ ਲੈ ਲਿਆ ਹੈ । ਜੋ ਥੋੜਾ ਰਹਿੰਦਾ ਹੈ, ਹੁਣ ਦੇ ਦਿਓ । ਮੁੜ ਆਵਾਂਗੇ ਤਾਂ ਹੁਲੀਏ ਲਿਖਾ ਕੇ ਫੇਰ ਨੌਕਰ ਹੋ ਜਾਵਾਂਗੇ । ਹੁਣ ਸਾਨੂੰ ਛੁੱਟੀ ਹੀ ਦਿਓ ।'

"ਸਤਿਗੁਰਾਂ ਹੋਰ ਰੋਜ਼ੀਨਾ ਵਧਾ ਦੇਣ ਲਈ ਕਹਿ ਕੇ ਪਰਖ ਲਿਆ ਕਿ ਇਨ੍ਹਾਂ ਨੂੰ ਕੋਈ ਹੋਰ ਵੱਡਾ ਲੋਭ ਹੈ ਤੇ ਇਹ ਨਿਮਕ-ਹਰਾਮ ਹੋ ਚੁੱਕੇ ਹਨ । ਦੂਰ-ਦਰਸ਼ੀ ਸਤਿਗੁਰੂ ਜਾਣਦੇ ਸਨ ਕਿ ਇਹ ਗੁਰੂ ਘਰ ਦੇ ਅਖੁੱਟ ਖ਼ਜ਼ਾਨੇ ਨੂੰ ਦੇਖ ਕੇ ਦੁਸ਼ਮਨ ਨਾਲ ਮਿਲ ਗਏ ਹੋਏ ਹਨ । ਉਨ੍ਹਾਂ ਨੂੰ ਛੁੱਟੀ ਨਾ ਦਿੱਤੀ ਅਤੇ ਖ਼ਾਨ ਬਿਨਾਂ ਛੁਟੀ ਲਿਆਂ ਹੀ ਤੁਰ ਪਏ ।

"ਡੇਰੇ ਆਏ ਤਾਂ ਕਾਲੇ ਖ਼ਾਨ ਆਪਣੇ ਸੌ ਸਵਾਰਾਂ ਸਮੇਤ ਬੈਠਾ ਸੀ । ਚਾਰ ਸਰਦਾਰ ਆਪਣੇ ਚਾਰ ਸੌ ਜਵਾਨਾਂ ਨਾਲ ਤੁਰਨ ਦੀਆਂ ਤਿਆਰੀਆਂ ਕਰਨ ਲੱਗੇ ਤਾਂ ਕਾਲੇ ਖ਼ਾਨ ਨੂੰ ਵੀ ਤੁਰ ਚੱਲਣ ਲਈ ਕਿਹਾ । ਪਰ ਕਾ[illegible] ਖ਼ਾਨ ਨੇ ਉਨ੍ਹਾਂ ਨੂੰ ਧਿਰਕਾਇਆ ਤੇ ਕਿਹਾ, 'ਤੁਸੀਂ ਨਿਮਕ-ਹਰਾਮ ਹੋ ਗਏ । ਮੇਰਾ ਤੁਹਾਡੇ ਨਾਲ ਕੀ ਵਾਸਤਾ ਹੈ ? ਤੁਸੀਂ ਅੱਲਾ ਦੇ ਸਾਹਮਣੇ ਗੁਨਹਗਾਰ ਸਾਬਤ ਹੋਵੋਗੇ ਤੇ ਤੁਹਾਨੂੰ ਤਸੀਹੇ ਮਿਲਣਗੇ ।'

"ਚਾਰੇ ਖ਼ਾਨ ਖਿੜ-ਖਿੜਾ ਕੇ ਹੱਸ ਪਏ । ਭੀਖਣ ਖ਼ਾਨ ਕਹਿਣ ਲੱਗਾ, 'ਤੂੰ ਕਿਤੇ ਗੁਰੂ ਦਾ ਸਿੱਖ ਤੇ ਨਹੀਂ ਬਣ ਗਿਆ ? ਜਿਸ ਕੰਮ ਸਾਨੂੰ ਦਿੱਲੀਓਂ ਭੇਜਿਆ ਗਿਆ ਸੀ, ਭੁੱਲ ਗਿਆ ਹੈਂ ? ਅਸੀਂ ਬੁੱਧੂ ਸ਼ਾਹ ਵਰਗੇ ਬੁੱਧੂ ਨਹੀਂ । ਈਮਾਨ ਤੇ ਕਾਇਮ ਹਾਂ । ਕਾਫ਼ਰ ਗੁਰੂ ਨੂੰ ਧੋਖਾ ਦੇਣਾ ਈਮਾਨ ਹੈ ।'

"ਕਾਲੇ ਖ਼ਾਨ ਨੂੰ ਇਨ੍ਹਾਂ ਦੀ ਅਕਲ ਤੇ ਹਾਸਾ ਆਇਆ । ਉਸ ਨੇ ਕਿਹਾ, 'ਜੋ ਹੋਵੇ, ਮੈਂ ਤੇ ਗੁਰਾਂ ਦੇ ਨਾਲ ਨਿਭਾਂਗਾ । ਮੇਰੇ ਸਵਾਰੋ ! ਜੇ ਤੁਸੀਂ ਵੀ ਇਨ੍ਹਾਂ ਦੇ ਨਾਲ ਜਾਣਾ ਹੈ ਤਾਂ ਚਲੇ ਜਾਓ । ਸਭ ਦਾ ਈਮਾਨ ਆਪੋ ਆਪਣਾ ਹੈ ।

"ਪਰ ਉਸ ਦੇ ਸਵਾਰਾਂ ਨੇ ਉਸ ਦਾ ਸਾਥ ਛੱਡਣੋਂ ਨਾਂਹ ਕਰ ਦਿੱਤੀ ।

"ਇੰਨੇ ਨੂੰ ਸੰਗੋ ਸ਼ਾਹ ਜੀ ਉਥੇ ਆ ਪਹੁੰਚੇ । ਸੰਗੋ

www.AKJ.Org

ਸ਼ਾਹ ਤੇ ਨਿਜਾਬਤ ਜੋੜ ਦੇ ਸੂਰਮੇ ਸਨ। ਦੋਹਾਂ ਦਾ ਅਕਸਰ ਅਸਤਰ ਸ਼ਸਤਰ ਵਿਦਿਆ ਵਿਚ ਮੁਕਾਬਲਾ ਹੁੰਦਾ ਸੀ। ਉਹ ਸਤਿਗੁਰਾਂ ਤੋਂ ਆਗਿਆ ਲੈ ਕੇ ਆਪਣਾ ਅਸਰ ਰਸੂਖ਼ ਵਰਤ ਕੇ ਉਨ੍ਹਾਂ ਨੂੰ ਰੋਕਤ ਆਏ ਸਨ। ਪਰ ਚਹੁੰਆਂ ਸਰਦਾਰਾਂ ਨੇ ਉਸ ਦੀ ਇਕ ਵੀ ਨਾ ਸੁਣੀ। ਸੰਗੋ ਸ਼ਾਹ ਨੇ ਆਪਣੀ ਵਲੋਂ ਇਥੋਂ ਤਕ ਵੀ ਕਹਿ ਦਿਤਾ ਕਿ ਜਿੱਤ ਹਾਸਲ ਕਰਨ ਮਗਰੋਂ ਵਧੇ ਹੋਏ ਰੋਜ਼ੀਨੇ ਤੋਂ ਇਲਾਵਾ ਸਰਦਾਰਾਂ ਨੂੰ ਰੁਪਈਆਂ ਦੀ ਭਰ ਕੇ ਇੱਕ ਇੱਕ ਢਾਲ ਹੋਰ ਦਿੱਤੀ ਜਾਵੇਗੀ। ਪਰ ਉਹ ਫਿਰ ਵੀ ਚਲੇ ਗਏ। ਸੰਗੋ ਸ਼ਾਹ ਜੀ ਦੀ ਸਲਾਹ ਬਣੀ ਕਿ ਉਨ੍ਹਾਂ ਨੂੰ ਲੁੱਟ-ਮਾਰ ਕੇ ਸਜ਼ਾ ਦਿੱਤੀ ਜਾਵੇ, ਪਰ ਕਿਰਪਾ-ਨਿਧਾਨ ਕਲਗੀਧਰ ਜੀ ਨੇ ਕਿਹਾ ਕਿ ਉਨ੍ਹਾਂ ਨੂੰ ਜਾਣ ਦਿਓ, ਉਨ੍ਹਾਂ ਦੀ ਮੌਤ ਆਈ ਹੋਈ ਹੈ, ਪਰ ਅਜੇ ਉਹ ਸਮਾਂ ਨਹੀਂ ਪੁੱਗਾ।

"ਜਦ ਸੰਗੋ ਸ਼ਾਹ ਨੇ ਦੱਸਿਆ ਕਿ ਕਾਲੇ ਖ਼ਾਂ ਬੇਈਮਾਨ ਨਹੀਂ ਹੋਇਆ ਅਤੇ ਆਪਣੇ ਸਵਾਰਾਂ ਸਮੇਤ ਪੂਰੇ ਯਕੀਨ ਨਾਲ ਛਾਵਣੀ ਵਿਚ ਬੈਠਾ ਹੋਇਆ ਹੈ ਤਾਂ ਸਤਿਗੁਰਾਂ ਨੇ ਉਸ ਨੂੰ ਸਦ ਬੁਲਾਇਆ। ਉਸ ਦੇ ਈਮਾਨ ਦੀ ਪਰਸੰਸਾ ਕੀਤੀ। ਬਿਨਾਂ ਜੰਗ ਲੜਿਆਂ ਉਸ ਦੀ ਜੰਗੀ ਸੇਵਾ ਪਹਿਲੋਂ ਹੀ ਪਰਵਾਨ ਕਰ ਲਈ। ਇਕ ਦੁਸ਼ਾਲਾ ਸਿਰੋਪਾਓ ਵੱਜੋਂ ਦਿੱਤਾ ਤੇ ਰੁਪਈਆਂ ਦਾ ਢਾਲਾ ਵੀ ਭਰ ਕੇ ਬਖ਼ਸ਼ਿਆ। ਸਵਾਰਾਂ ਨੂੰ ਇਕ ਮਹੀਨੇ ਦਾ ਰੋਜ਼ੀਨਾ ਵਧ ਦਿੱਤਾ ਅਤੇ ਜੰਗ ਸ਼ੁਰੂ ਹੋ ਜਾਣ ਤੋਂ ਪਹਿਲਾਂ ਹੀ ਰੁਖ਼ਸਤ ਹੋ ਜਾਣ ਦੀ ਛੁੱਟੀ ਦਿੱਤੀ। ਸਤਿਗੁਰਾਂ ਨੂੰ ਕਾਲੇ ਖ਼ਾਨ ਤੇ ਕੋਈ ਸੰਦੇਹ ਨਹੀਂ ਸੀ, ਪਰ ਉਹ ਜਾਣਦੇ ਸਨ ਕਿ ਰਾਜਨੀਤੀ ਇਸੇ ਵਿਚ ਹੈ, ਅਤੇ ਇਸ ਦੇ ਰਹਿਣ ਨਾਲ ਜੱਥੇਦਾਰਾਂ ਵਿਚ ਇਸ ਤੇ ਸ਼ਕ ਉਨ੍ਹਾਂ ਦੇ ਉਤਸ਼ਾਹ ਨੂੰ ਘਟਾਏਗਾ।

"ਉਸੇ ਦਿਨ ਇਸ ਘਟਨਾ ਬਾਰੇ ਇਕ ਚਿੱਠੀ ਪੀਰ ਬੁੱਧੂ ਸ਼ਾਹ ਨੂੰ ਸੁਢੋਰੇ ਭੇਜ ਦਿੱਤੀ। ਇਧਰ ਭੀਖਣ ਖ਼ਾਨ, ਆਦਿ ਚਾਰੇ ਸਰਦਾਰ ਜਮਨਾ ਪਾਰ ਕਰ ਕੇ ਫ਼ਤਿਹ ਸ਼ਾਹ ਨੂੰ ਅੱਗੋਂ ਜਾ ਮਿਲੇ। ਫ਼ਤਿਹ ਸ਼ਾਹ ਨੇ ਉਨ੍ਹਾਂ ਨੂੰ ਆਦਰ ਦਿੱਤਾ। ਅਤੇ ਉਨ੍ਹਾਂ ਤੋਂ ਗੁਰੂ ਸਾਹਿਬ ਦੀਆਂ ਫ਼ੌਜੀ ਤਿਆਰੀਆਂ ਬਾਰੇ ਤੇ ਵੱਡੇ ਜੋਧਿਆਂ ਦੀ ਗਿਣਤੀ ਬਾਰੇ ਜਾਣਕਾਰੀ ਮੰਗੀ। ਭੀਖਣ ਖ਼ਾਹ ਨੇ ਖ਼ੁਸ਼ੀ ਖ਼ੁਸ਼ੀ ਗੁਰੂ-ਘਰ ਦੇ ਭੇਤ ਦੱਸਣੇ ਸ਼ੁਰੂ ਕੀਤੇ। ਕਹਿਣ ਲੱਗਾ, 'ਸਾਥੋਂ ਬਿਨਾਂ ਗੁਰੂ ਕੋਲ ਹੋਰ ਫ਼ੌਜ ਕਿਹੜੀ ਹੈ? ਸਾਨੂੰ ਆਪਣੇ ਪਾਸ ਦੇਖ ਕੇ ਲੜਨ ਲਈ ਤਿਆਰ ਹੋ ਪਿਆ। ਤੁਹਾਥੋਂ ਡਰ ਕੇ ਸਾਡੇ ਰੋਜ਼ੀਨੇ ਵਧਾ ਕੇ ਵੀ ਲੜਨ ਲਈ ਪ੍ਰੇਰਿਆ, ਪਰ ਅਸੀਂ ਨਾ ਮੰਨਣਾ ਸੀ, ਨਾ ਮੰਨੇ। ਬਾਕੀ ਫ਼ੌਜ ਤੇ ਰੱਬ ਦਾ ਹੀ ਹੈ। ਗਵਾਰ ਨਾਈ, ਝੀਊਰ, ਛੀਂਬੇ, ਚੂੜ੍ਹੇ, ਚਮਾਰ ਇਕੱਠੇ ਕੀਤੇ ਹੋਏ ਹਨ। ਉਨ੍ਹਾਂ ਨੂੰ ਤਾਂ ਇਹ ਵੀ ਪਤਾ ਨਹੀਂ ਕਿ ਸ਼ਸਤਰ ਫੜੀਦੇ ਕਿਵੇਂ ਹਨ। ਹਾਂ, ਗੁਰੂ ਆਪ ਇਕ ਭਾਰੀ ਜੋਧਾ ਹੈ। ਬਾਕੀ ਗੁਰੂ ਦਾ ਮਾਮਾ, ਪੰਜ ਭੂਆ ਦੇ ਪੁੱਤਰ, ਦੀਵਾਨ ਨੰਦ ਚੰਦ, ਪ੍ਰੋਹਤ ਦਯਾ ਰਾਮ, ਆਦਿ ਉਂਗਲਾਂ ਤੇ ਗਿਣੇ ਜਾਣ ਵਾਲੇ ਜੋਧੇ ਹਨ। ਹੋਰ ਇਕ ਫ਼ਕੀਰਾਂ ਦੀ ਭੀੜ ਹੈ। ਉਨ੍ਹਾਂ ਕੀ ਲੜਨਾ ਹੈ? ਤੁਸੀਂ ਐਡੀ ਸੈਨਾ ਲੈ ਕੇ ਆਏ ਹੋ, ਉਨ੍ਹਾਂ ਲਈ ਤਾਂ ਅਸੀਂ ਹੀ ਕਾਫ਼ੀ ਹਾਂ। ਗੁਰੂ ਦਾ ਖ਼ਜ਼ਾਨਾ ਬਹੁਤ ਵੱਡਾ ਹੈ। ਉਸ ਵਿਚ ਭਾਂਤ ਭਾਂਤ ਦੀ ਦੌਲਤ ਹੈ। ਅਸੀਂ ਤੁਹਾਥੋਂ ਤਨਖ਼ਾਹਾਂ ਨਹੀਂ ਲਵਾਂਗੇ। ਤੁਸੀਂ ਸਾਨੂੰ ਖ਼ਜ਼ਾਨੇ ਦੀ ਲੁੱਟ ਮੁਆਫ਼ ਕਰ ਦਿਓ; ਫੇਰ ਦੇਖੋ ਅਸੀਂ ਕੀ ਹੱਥ ਵਿਖਾਉਂਦੇ ਹਾਂ। ਤੁਸੀਂ ਫ਼ਤਹ ਹਾਸਲ ਕਰਨੀ ਤੇ ਅਸੀਂ ਖ਼ਜ਼ਾਨਾ ਹਾਸਲ ਕਰਾਂਗੇ।'

"ਇਹੋ ਜਹੀਆਂ ਗੱਲਾਂ ਸੁਣ ਕੇ ਫ਼ਤਿਹ ਸ਼ਾਹ ਬਹੁਤ ਖ਼ੁਸ਼ ਹੋਇਆ ਅਤੇ ਸਰਦਾਰਾਂ ਤੇ ਪਠਾਣਾਂ ਨੂੰ ਆਪਣੀ ਸੈਨਾ ਵਿਚ ਰੱਖ ਲਿਆ।

"ਗੁਰੂ ਜੀ ਦੇ ਸੂਹੀਏ ਸ਼ਤਰੂ ਦੀਆਂ ਸਭ ਖ਼ਬਰਾਂ ਪਹੁੰਚਾਉਂਦੇ ਰਹੇ। ਭੰਗਾਣੀ ਦੇ ਮੈਦਾਨ ਨੀਯਤ ਥਾਂ ਤੇ ਰਣ-ਥੰਮਾ ਗਡਿਆ ਗਿਆ, ਮੋਰਚੇ ਪੁਟੇ ਗਏ, ਅਸਲੇ-ਖ਼ਾਨੇ ਕਾਇਮ ਕੀਤੇ ਗਏ ਅਤੇ ਸਿੱਖ ਸੈਨਾ ਆਪਣੀ ਆਪਣੀ ਥਾਂ ਮੱਲਣ ਲੱਗੀ। ਪਠਾਣਾਂ ਦੇ ਜਾਣ ਤੋਂ ਤੀਜੇ ਦਿਨ ਮਗਰੋਂ ਖ਼ਬਰ ਮਿਲੀ ਕਿ ਦੁਸ਼ਮਨ ਦੀਆਂ ਫ਼ੌਜਾਂ ਦੂਸਰੇ ਕੰਢੇ ਪਹੁੰਚਣ ਹੀ ਵਾਲੀਆਂ ਹਨ। ਰਾਤੀਂ ਉਹ ਦਰਿਆ ਪਾਰ ਕਰਨਗੇ ਤੇ ਸਵੇਰੇ ਜੰਗ ਸ਼ੁਰੂ ਹੋ ਜਾਵੇਗਾ। ਸਤਿਗੁਰਾਂ ਜੋਧਿਆਂ ਨੂੰ ਆਗਿਆ ਕੀਤੀ ਕਿ ਅਮਕੇ ਅਮਕੇ ਹੋਰ ਜੱਥੇ ਭੰਗਾਣੀ ਪਹੁੰਚ ਜਾਣ, ਕੁਝ ਰਾਖਵੇਂ ਸਹਾਇਕ ਦਸਤੇ ਸਵੇਰੇ ਕੂਚ ਕਰਨ। ਪੰਜ ਸੌ ਉਦਾਸੀਆਂ ਨੂੰ ਵੀ ਹੁਕਮ ਹੋਇਆ ਕਿ ਉਹ ਟੋਪੀਆਂ-ਸੇਲ੍ਹੀਆਂ ਲਾਹ ਕੇ ਅਸਤਰ ਸ਼ਸਤਰ ਸੰਭਾਲਣ ਅਤੇ ਜਿੱਤ ਜਾਂ ਵੀਰਗਤੀ



www.AKJ.Org

ਪ੍ਰਾਪਤ ਕਰਨ ਲਈ ਤਿਆਰ ਹੋ ਜਾਣ।

"ਇਹ ਹੁਕਮ ਸੁਣ ਕੇ ਉਦਾਸੀ ਬਹੁਤ ਘਬਰਾਏ। ਉਹ ਕਹਿਣ ਲਗੇ, 'ਅਸਾਂ ਘਰ ਬਾਰ ਤਿਆਗ ਕੇ ਫ਼ਕੀਰੀ ਧਾਰਨ ਕੀਤੀ ਹੈ। ਸਾਡਾ ਜੰਗ ਨਾਲ ਕੀ ਕੰਮ? ਗੁਰੂ ਨੇ ਤਾਂ ਹੁਣ ਲੜ ਕੇ ਹੀ ਰਹਿਣਾ ਹੈ। ਇਦਾਂ ਅਸੀਂ ਬਚਦੇ ਨਹੀਂ। ਚੱਲੋ, ਅੱਧੀ ਰਾਤ ਮਗਰੋਂ ਨਿਕਲ ਚੱਲੀਏ।' ਅਤੇ ਇਸ ਤਰ੍ਹਾਂ ਇਸ ਕੀਟ ਨੂੰ ਉਥੇ ਹੀ ਛੱਡ ਕੇ ਗੁਰੂ ਜੀ ਤੇ ਮੈਥੋਂ ਚੋਰੀ ਉਹ ਉਸ ਰਾਤ ਦੌੜ ਨਿਕਲੇ।

"ਜਦ ਸਤਿਗੁਰੂ ਜੀ ਪਾਸ ਇਹ ਖ਼ਬਰ ਪਹੁੰਚੀ ਤਾਂ ਉਨ੍ਹਾਂ ਹੱਸ ਕੇ ਪੁੱਛਿਆ, 'ਕਿਉਂ ਭਾਈ ਸਾਹਿਬ, ਕੋਈ ਰਿਹਾ ਵੀ ਕਿ ਸਾਰੇ ਹੀ ਦੌੜ ਗਏ?' ਤਾਂ ਸਿੱਖ ਨੇ ਇਸ ਕੀਟ ਬਾਰੇ ਕਿਹਾ, 'ਮਹਾਰਾਜ, ਉਦਾਸੀਆਂ ਦਾ ਮਹੰਤ ਸਮਾਧੀ ਵਿਚ ਬੈਠਾ ਹੈ। ਹੋਰ ਸਾਰੇ ਹੀ ਭੱਜ ਗਏ ਹਨ।'

"ਸ੍ਰੀ ਗੁਰਦੇਵ ਜੀ, ਦਇਆ ਭਰੀ ਮੁਸਕਾਨ ਨਾਲ ਬੋਲੇ, 'ਭਾਈ ਜੀ, ਭਲਾ ਹੋਇਆ! ਜੇ ਜੜ੍ਹ ਰਹਿ ਗਈ ਹੈ ਤਾਂ ਸ਼ਾਖ਼ਾਂ, ਪੱਤੇ, ਫੁੱਲ ਤੇ ਫਲ ਫੇਰ ਹੋ ਜਾਣਗੇ।'

"ਇਕ ਸਿੱਖ ਨੇ, ਗੁਰੂ ਮਹਾਰਾਜ ਦੇ ਹੁਕਮ ਨਾਲ, ਇਸ ਦਾਸ ਨੂੰ ਸਮਾਧੀ ਵਿਚੋਂ ਜਗਾ ਕੇ, ਗੁਰੂ ਸਾਹਿਬ ਜੀ ਦੀ ਹਜ਼ੂਰੀ ਵਿਚ ਪੇਸ਼ ਹੋਣ ਦੀ ਆਗਿਆ ਸੁਣਾਈ। ਜਦ ਦਾਸ ਗੁਰੂ ਦੇ ਚਰਨਾਂ ਵਿਚ ਹਾਜ਼ਰ ਹੋਇਆ ਤਾਂ ਮੇਰੇ ਨਮਸਕਾਰ ਕਰ ਕੇ ਬੈਠਦਿਆਂ ਹੀ ਸਤਿਗੁਰਾਂ ਨੇ ਵਿਅੰਗ-ਮਈ ਮੁਸਕਰਾਹਟ ਨਾਲ ਪੁੱਛਿਆ, 'ਮਹੰਤ ਜੀ, ਆਪ ਦੇ ਚੇਲੇ-ਬਾਲਕੇ ਕਿਥੇ ਗਏ? ਚਲੋ, ਜੇ ਤਾਰੇ ਨਹੀਂ ਤਾਂ ਚੰਦ ਤਾਂ ਹੈ?' ਦਾਸ ਨੇ ਜਦ ਗਰੀਬ-ਨਿਵਾਜ ਗੁਰ-ਗੋਬਿੰਦ ਜੀ ਦੇ ਆਦਰ-ਪੂਰਤ ਉਤਸਾਹਕ ਬਚਨ ਸੁਣੇ ਤਾਂ ਅਹੰਕਾਰ ਦਾ ਮਾਨੋ ਨਾਸ ਹੋ ਗਿਆ ਤੇ ਕੀਟ ਨੇ ਸਿਰ ਨਿਵਾ ਕੇ ਕਿਹਾ, 'ਗੁਰੂ ਚੇਲੇ ਸਭ ਤੁਹਾਡੀ ਸ਼ਰਨ ਹਨ। ਤੇ ਭਲੇ ਬੁਰੇ ਸਾਰਿਆਂ ਦੀ ਸੰਭਾਲ ਕਰਨ ਵਾਲੇ ਗੁਰਦੇਵ! ਦਾਸਾਂ ਤੋਂ ਜੋ ਭੁਲ-ਚੁੱਕ ਹੋਵੇ ਆਪ ਬਖ਼ਸ਼ਣਹਾਰ ਹੋ।'

"ਤਦ ਕਿਰਪਾਲੂ ਸਤਿਗੁਰੂ ਫਿਰ ਮੁਸਕਰਾਏ ਅਤੇ ਇਸ ਆਪਣੇ ਚਰਨ ਦੀ ਰਜ ਤੋਂ ਪੁਛਿਆ, 'ਬਾਈ ਧਾਰ ਦੇ ਰਾਜੇ ਸਾਡੇ ਤੇ ਚੜ੍ਹ ਆਏ ਹਨ। ਦੱਸੋ, ਵਿਜੈ ਕਿਸ ਦੀ ਹੋਵੇਗੀ?' ਤਾਂ ਦਾਸ ਨੇ ਉੱਤਰ ਦਿੱਤਾ, ਆਪ ਜਾਣੀ ਜਾਣ ਹੋ। ਵਿਜੈ-ਲਛਮੀ ਆਪ ਦੀ ਚਰਨ ਸ਼ਰਨ ਹੈ।'

"ਉਸੇ ਵੇਲੇ ਦੋ ਸਿੱਖ ਹਜ਼ੂਰੀ ਵਿਚ ਹਾਜ਼ਰ ਹੋਏ ਅਤੇ ਬੇਨਤੀ ਕੀਤੀ ਕਿ ਜਿਹੜੇ ਸੂਹੀਏ ਤੁਸੀਂ ਸ਼ਤਰੂ-ਦਲ ਵਿਚ ਛਡੇ ਹੋਏ ਸਨ ਉਨ੍ਹਾਂ ਖ਼ਬਰ ਭੇਜੀ ਹੈ ਕਿ ਫ਼ਤਿਹ ਸ਼ਾਹ ਦੀ ਸੈਨਾ ਰਾਜਘਾਟ ਤੋਂ ਪਰੇ ਭੰਗਾਣੀ ਤੋਂ ਪਾਰਲੇ ਕਿਨਾਰੇ ਤੇ ਪਹੁੰਚ ਗਈ ਹੈ ਤੇ ਦਰਿਆ ਪਾਰ ਹੋਣ ਵਾਲੀ ਹੈ।' ਤਦ ਮਹਾਰਾਜ ਨੇ ਆਗਿਆ ਕੀਤੀ ਕਿ ਰਣਜੀਤ ਨਗਾਰੇ ਤੇ ਜੰਗ ਦੀਆਂ ਚੋਬਾਂ ਵਜਾਈਆਂ ਜਾਣ ਅਤੇ ਇਥੋਂ ਦਾ ਸਾਰਾ ਦਲ ਵੀ ਤਿਆਰ ਹੋ ਜਾਵੇ। ਇਹ ਕਹਿ ਕੇ ਉਨ੍ਹਾਂ ਨੇ ਉਸੇ ਵੇਲੇ ਆਪਣੇ ਸ਼ਸਤਰ ਮੰਗਾਏ ਅਤੇ ਸ੍ਰੀ ਅਸਿਕੇਤ ਮਹਾਕਾਲ ਵਾਹਿਗੁਰੂ ਅੱਗੇ ਅਰਦਾਸ ਕਰ ਕੇ ਆਦਿ ਗੁਰੂ ਸ੍ਰੀ ਨਾਨਕ ਦੇਵ ਜੀ ਦਾ ਸਿਮਰਨ ਕੀਤਾ। ਫੇਰ ਸਤਿਗੁਰੂ ਘੋੜੇ ਤੇ ਸਵਾਰ ਹੋਏ। ਕੁਝ ਜੋਧੇ ਤੇ ਜੱਥੇ ਕਿਲ੍ਹੇ ਤੇ ਨਗਰ ਦੀ ਰਛਿਆ ਲਈ ਕਾਇਮ ਕੀਤੇ ਗਏ। ਕਈ ਜੱਥੇਦਾਰ ਤੇ ਫ਼ੌਜਾਂ ਭੰਗਾਣੀ ਮੋਰਚੇ ਮੱਲੀ ਬੈਠੀਆਂ ਸਨ। ਸੰਗੋ ਸ਼ਾਹ, ਜੀਤ ਮੱਲ, ਗੁਲਾਬ ਚੰਦ, ਗੰਗਾ ਰਾਮ ਤੇ ਮਾਹਰੀ ਚੰਦ, ਸਤਿਗੁਰੂ ਜੀ ਦੇ ਭੂਆ ਜੀ ਵਲੋਂ ਭਰਾ ਉਸ ਸਮੇਂ ਹਾਜ਼ਰ ਹੋਏ। ਸਤਿਗੁਰਾਂ ਨੇ ਉਨ੍ਹਾਂ ਨੂੰ ਝਟ ਪਟ ਭੰਗਾਣੀ ਪਹੁੰਚ ਕੇ ਆਪੋ ਆਪਣੇ ਦਲ ਦੀ ਅਗਵਾਈ ਕਰਨ ਦੀ ਆਗਿਆ ਕੀਤੀ। ਆਗਿਆ ਸੁਣ ਕੇ ਉਨ੍ਹਾਂ ਘੋੜੇ ਛੇੜ ਲਏ ਤੇ ਵਾਯੂ-ਗਤੀ ਨਾਲ ਭੰਗਾਣੀ ਵਲ ਉੱਡ ਗਏ। ਸਤਿਗੁਰਾਂ ਨੇ ਆਪ ਕੁਝ ਹੋਰ ਸਹਾਇਕ ਸੈਨਾ ਲਈ ਤੇ ਵਾਹਿਗੁਰੂ ਸਿਮਰ ਕੇ, ਨਗਾਰਿਆਂ ਤੇ ਦੂਹਰੀ ਜੰਗੀ ਚੋਬ ਵਜਾਉਣ ਦਾ ਹੁਕਮ ਦੇ ਕੇ ਭੰਗਾਣੀ ਵੱਲ ਚਾਲੇ ਪਾਏ।

"ਇਸ ਸੈਨਾ ਸਮੇਤ ਸਤਿਗੁਰੂ ਆਪਣੀ ਪਹਿਲੋਂ ਤੋਂ ਨੀਯਤ ਉੱਚੀ ਥਾਂ ਤੇ ਆਪਣੀ ਅਤੇ ਸ਼ਤਰੂ ਦੀ ਫ਼ੌਜ ਦੀ ਸਥਿਤੀ ਤੇ ਵੰਡ ਦੇਖਣ ਲਈ ਜਾ ਖਲੋਤੇ। ਸੰਗੋਸ਼ਾਹ ਜੀ ਤੇ ਪ੍ਰੋਹਤ ਦਯਾ ਰਾਮ ਅੱਗੇ ਹੀ ਸਾਰੇ ਪਰਬੰਧ ਨੂੰ ਦੇਖ-ਵਿਚਾਰ ਰਹੇ ਸਨ। ਉਨ੍ਹਾਂ ਨੇ ਨਾਲ ਹੋ ਕੇ ਗੁਰੂ ਜੀ ਨੂੰ ਸਭ ਕੁਝ ਦਿਖਾਇਆ ਤੇ ਦੱਸਿਆ।

"ਹਰੀ ਚੰਦ ਹੰਡੂਰੀਆ ਧਨੁਸ਼ ਦਾ ਧਨੀ ਵਿਚਕਾਰਲੀ ਬਲੀ ਫ਼ੌਜ ਦਾ ਆਗੂ ਸੀ। ਖੱਬੇ ਬੰਨੇ ਲੂਣ-ਹਰਾਮੀ ਗੁਨਹਗਾਰ ਪਠਾਣ ਸਰਦਾਰ ਆਪਣੇ ਆਪਣੇ ਸਵਾਰ ਲਈ ਖੜੇ ਸਨ। ਫ਼ਤਿਹ ਸ਼ਾਹ ਪਿਛਲੀ ਫ਼ੌਜ ਦੇ ਪਿੱਛੇ ਖੜਾ ਸੀ ਅਤੇ ਸੱਜੇ ਪਾਸੇ ਹੋਰ ਪਹਾੜੀ


www.AKJ.Org

ਰਾਜਿਆਂ ਦੇ ਦਸਤੇ ਤੇ ਸ-ਸ਼ਸਤਰ ਮੁਲਖਈਆ ਸੀ ।

"ਦਯਾ ਰਾਮ ਤੇ ਸੰਗੋ ਸ਼ਾਹ ਜੀ ਦੀ ਦਸੀ ਸਾਰੀ ਜੰਗੀ ਤਰਤੀਬ ਨੂੰ ਗੁਰੂ ਜੀ ਨੇ ਘੋਖਿਆ, ਅਤੇ ਆਹਮੋ ਸਾਹਮਣੇ ਖੜੀਆਂ ਅਣੀਆਂ ਨੂੰ ਪੜਤਾਲਿਆ। ਰਾਜਿਆਂ ਵਾਲੇ ਪਾਸੇ ਦੀ ਸਥਿਤੀ ਉਨ੍ਹਾਂ ਨੂੰ ਕਮਜ਼ੋਰ ਲੱਗੀ। ਉਹ ਉਸ ਪਾਸੇ ਹੋਰ ਸੈਨਾ ਭੇਜਣ ਹੀ ਵਾਲੇ ਸਨ ਕਿ ਇੱਕ ਬੰਨਿਓਂ ਵੱਡਾ ਟੋਲਾ ਆਇਆ । ਉਸ ਟੋਲੇ ਨੇ ਵਧ ਕੇ ਪਹਾੜੀ ਰਾਜਿਆਂ ਦੀ ਫ਼ੌਜ ਤੇ ਬੰਦੂਕਾਂ ਦੀ ਵਾੜ ਝਾੜਨੀ ਸ਼ੁਰੂ ਕਰ ਦਿੱਤੀ। ਨੰਦ ਚੰਦ ਨੇ ਇਹ ਦੇਖ ਕੇ ਮਹਾਰਾਜ ਨੂੰ ਕਿਹਾ, 'ਸਮਝ ਨਹੀਂ ਆਉਂਦੀ ਇਹ ਕਿਹੜੀ ਫ਼ੌਜ ਹੈ ਜਿਸ ਨੇ ਸਾਡੇ ਸ਼ਤਰੂਆਂ ਤੇ ਹਮਲਾ ਬੋਲ ਦਿੱਤਾ ਹੈ। ਇਹ ਸਾਡੀ ਵੰਡ ਵਿੱਚ ਆਈ ਸੈਨਾ ਤੇ ਨਹੀਂ ।'

"ਇੰਨੇ ਨੂੰ ਇੱਕ ਸਿੱਖ ਸਵਾਰ ਘੋੜਾ ਦੁੜਾਉਂਦਾ ਆਇਆ ਤੇ ਬੰਦਨਾ ਕਰ ਕੇ ਅਰਜ਼ ਕੀਤੀ ਕਿ ਇਹ ਪੀਰ ਬੁੱਧੂ ਸ਼ਾਹ ਦਾ ਜੱਥਾ ਹੈ ਜਿਸ ਵਿੱਚ ਉਨ੍ਹਾਂ ਦੇ ਚਾਰ ਪੁੱਤਰ, ਇੱਕ ਭਰਾ ਤੇ ਸਤ ਸੌ ਮੁਰੀਦ ਸ਼ਾਮਲ ਹਨ।

"ਨੰਦ ਚੰਦ ਜੀ ਫ਼ਿਕਰ ਕਰ ਰਹੇ ਸਨ। ਨੀਤੀ ਇਹ ਸੀ ਕਿ ਸ਼ਤਰੂ ਨੂੰ ਪਹਿਲੋਂ ਹਮਲਾ ਕਰਨ ਦਿੱਤਾ ਜਾਵੇ। ਇਸ ਜੱਥੇ ਨੇ ਅੱਜ ਦੇ ਸੈਨਾਪਤੀ ਸੰਗੋਸ਼ਾਹ ਜੀ ਦੀ ਆਗਿਆ ਤੋਂ ਬਿਨਾਂ ਹੀ ਜੰਗ ਉਸ ਪਾਸਿਓਂ ਸ਼ੁਰੂ ਕਰ ਦਿਤਾ ਸੀ, ਜਿਸ ਪਾਸਿਓਂ ਸ਼ੁਰੂ ਕਰਨ ਦਾ ਖ਼ਿਆਲ ਨਹੀਂ ਸੀ । ਪਰ ਸਤਿਗੁਰੂ ਜੀ ਮੁਸਕਰਾਏ ਤੇ ਨੰਦ ਚੰਦ ਜੀ ਦਾ ਸੰਸਾ ਨਵਿਰਤ ਕਰਨ ਲਈ ਬਚਨ ਕੀਤਾ, 'ਭਲੀ ਹੋਈ ! ਰੱਬ ਦੇ ਪਿਆਰੇ ਨੇ ਰੱਬ ਦੀ ਰਜ਼ਾ ਵਿੱਚ ਜੰਗ ਸ਼ੁਰੂ ਕੀਤਾ ਹੈ ।'

"ਦੁਸ਼ਮਨ ਦੀ ਵਿਚਕਾਰਲੀ ਅਣੀ ਨੇ ਵਧਣਾ ਸ਼ੁਰੂ ਕੀਤਾ। ਸੰਗੋਸ਼ਾਹ ਨੇ ਆਪਣੇ ਮੋਰਚੇ ਨੂੰ ਇਸ਼ਾਰਾ ਕੀਤਾ। ਬੰਦੂਕਚੀਆਂ ਨੇ ਵਿਉਂਤ ਅਨੁਸਾਰ ਵਾਰੋ ਵਾਰੀ ਵਾੜਾਂ ਝਾੜਨੀਆਂ ਸ਼ੁਰੂ ਕੀਤੀਆਂ । ਦੁਸ਼ਮਣ ਡਿਗਣ ਲੱਗੇ ਤੇ ਵੈਰੀ ਦਲ ਵਿੱਚ ਕਰਾਹਾ ਮਚ ਗਿਆ। ਹਰੀ ਚਦ ਦੇ ਬੰਦੂਕਚੀਆਂ ਵੀ ਸੁਰਤ ਸੰਭਾਲੀ ਤੇ ਦੂਹ ਬਦੂਹ ਬੰਦੂਕਾਂ ਦੀ ਲੜਾਈ ਸ਼ੁਰੂ ਹੋਈ । ਫ਼ਤਿਹ ਸ਼ਾਹ ਇਸ ਲੜਾਈ ਨੂੰ ਪਿਛੋਂ ਹੀ ਦੇਖਦਾ ਰਿਹਾ। ਹਰੀ ਚੰਦ ਨੇ ਬੰਦੂਕਾਂ ਦੇ ਮੁਕਾਬਲੇ ਵਿੱਚ ਪਛੜਦੇ ਆਪਣੇ ਬੰਦੂਕਚੀਆਂ ਨੂੰ ਹੌਸਲਾ ਦਿੰਦਿਆਂ ਕਿਹਾ, 'ਗੁਰੂ ਕੋਲ ਸਿੱਖੀ ਹੋਈ ਫ਼ੌਜ ਹੀ ਕਿੱਥੇ ਹੈ ! ਇਕ ਪਠਾਣਾਂ ਦੀ ਫ਼ੌਜ ਸੀ, ਜੋ ਸਾਡੇ ਨਾਲ ਆ ਰਲੀ ਹੈ। ਹੌਸਲੇ ਨਾਲ ਲੜੋ । ਇਹ ਹੁਣੇ ਭੱਜੇ ਕਿ ਭੱਜੇ।'

"ਪਰ ਫੇਰ ਵੀ ਹਰੀ ਚੰਦ ਦੀ ਸੈਨਾ ਅਗੇ ਨਾ ਵਧ ਸਕੀ। ਇਹ ਦੇਖ ਕੇ ਉਸ ਪਿਛੇ ਹਟ ਕੇ ਫ਼ਤਿਹ ਸ਼ਾਹ ਨੂੰ ਕਿਹਾ, 'ਇਹ ਖ਼ਾਨ ਗੁਰੂ ਦੇ ਸਾਰੇ ਭੇਤ ਜਾਣਦੇ ਹਨ। ਇਨ੍ਹਾਂ ਨੇ ਹਾਲੀ ਲੜਾਈ ਸ਼ੁਰੂ ਹੀ ਨਹੀਂ ਕੀਤੀ। ਇਨ੍ਹਾਂ ਨੂੰ ਅਗੇ ਕਰ ਕੇ ਲੜਾਓ। ਫੇਰ ਹੀ ਸਾਡੀਆਂ ਫ਼ੌਜਾਂ ਡਟ ਕੇ ਲੜਨਗੀਆਂ।'

"ਇਹ ਗੱਲ ਫ਼ਤਿਹ ਸ਼ਾਹ ਦੇ ਦਿਲ ਲੱਗੀ। ਉਸ ਨੇ ਭੀਖਣ ਖ਼ਾਂ ਨੂੰ ਸਦ ਕੇ ਕਿਹਾ, 'ਖ਼ਾਨ, ਅਸੀਂ ਤੁਹਾਨੂੰ ਲੁੱਟ ਮੁਆਫ਼ ਕੀਤੀ ਹੈ । ਤੁਸੀਂ ਗੁਰੂ ਦੇ ਸਾਰੇ ਭੇਤ ਜਾਣਦੇ ਹੋ। ਉਹ ਨੇ ਵਣ ਵਣ ਦੀ ਲਕੜੀ ਇਕੱਠੀ ਕੀਤੀ ਹੋਈ ਹੈ ਤੇ ਉਨ੍ਹਾਂ ਵਿੱਚ ਕੋਈ ਵੱਡੇ ਜੋਧੇ ਵੀ ਨਹੀਂ ਅਤੇ ਫੇਰ ਵੀ ਤੁਸੀਂ ਹਾਲੀ ਤਕ ਲੜਾਈ ਸ਼ੁਰੂ ਨਹੀਂ ਕੀਤੀ। ਹਮਲਾ ਕਰੋ, ਤੇ ਗੁਰੂ ਦਾ ਵੱਡਾ ਖ਼ਜ਼ਾਨਾ ਲੁੱਟ ਕੇ ਧਨੀ ਬਣ ਕੇ ਘਰੀਂ ਮੁੜੋ।'

"ਭੀਖਣ ਖ਼ਾਨ ਨੇ ਗੱਲ ਮੰਨ ਲਈ ਤੇ ਆਪਣੀ ਫ਼ੌਜ ਨੂੰ ਮੋਰਚਾ ਤੋੜਨ ਲਈ ਹਮਲਾ ਕਰਨ ਦਾ ਹੁਕਮ ਦਿਤਾ । ਘੋੜ-ਸਵਾਰਾਂ ਨੇ ਪਹਿਲੋਂ ਘੋੜਿਆਂ ਤੋਂ ਹੀ ਤੀਰਾਂ ਗੋਲੀਆਂ ਦੀ ਵਾਛੜ ਕੀਤੀ । ਫੇਰ ਹੱਲਾ ਬੋਲ ਕੇ ਮੋਰਚੇ ਤੇ ਆ ਪਏ । ਕਟਾ-ਵੱਢ ਸ਼ੁਰੂ ਹੋ ਗਈ। ਭੀਖਣ ਖ਼ਾਨ ਫਿਰ ਕੇ ਕਮਜ਼ੋਰ ਪਾਸਾ ਦੇਖਣ ਲੱਗਾ। ਇਹ ਦੇਖ ਕੇ ਨੰਦ ਚੰਦ ਜੀ ਕਹਿਣ ਲਗੇ, "ਸਤਿਗੁਰੂ ਜੀ, ਜੇ ਆਗਿਆ ਕਰੋ ਤਾਂ ਮੈਂ ਜਾ ਕੇ ਇਨ੍ਹਾਂ ਦਾ ਵਧਣਾ ਰੋਕਾਂ। ਤੁਸੀਂ ਇਥੇ ਹੀ ਖੜੇ ਜੰਗ ਦੀ ਖੇਡ ਦੇਖੋ।'

"ਸਤਿਗੁਰਾਂ ਕਿਹਾ, 'ਇਹ ਠੀਕ ਹੈ । ਪਰ ਤੁਸੀਂ ਪੰਡਤ ਦਯਾ ਰਾਮ ਜੀ ਦੇ ਦਸਤੇ ਨੂੰ ਵੀ ਉਨ੍ਹਾਂ ਦੀ ਅਗਵਾਈ ਵਿੱਚ ਲੈ ਜਾਵੋ । ਪਠਾਣੀ ਸੈਨਾ ਦਾ ਕੁਝ ਵਧੇਰੇ ਜ਼ੋਰ ਪੈ ਰਿਹਾ ਹੈ।'

"ਝਟ ਹੀ ਦੋਵੇਂ ਦਸਤੇ ਤੇ ਆਗੂ ਘਾਟੇ ਤੋਂ ਉਤਰੇ। ਪਹਿਲੋਂ ਤੀਰ ਤੇ ਤੁਪਕਾਂ ਨਾਲ ਦੂਰੋਂ ਮਾਰ ਕੀਤੀ। ਤੀਰ ਤੇ ਗੋਲੀਆਂ ਖਾ ਕੇ ਕਈ ਪਠਾਣ ਡਿੱਗੇ। ਮੱਲ ਲਾਲ ਚੰਦ ਮਝਾਂ ਦੇ ਪਾਲੀ ਨੂੰ, ਜਿਹੜਾ ਉਸ ਵੇਲੇ ਸਾਹਿਬਾਂ ਦੇ ਕੋਲ ਖੜਾ ਸੀ, ਉਸ ਵੇਲੇ ਬੜਾ ਬੀਰ ਰਸੀ



www.AKJ.Org

ਰੋਹ ਚੜ੍ਹਿਆ, ਤੇ ਉਸ ਨੇ ਹੱਥ ਜੋੜ ਕੇ ਸਤਿਗੁਰਾਂ ਤੋਂ ਉਥੇ ਜਾ ਕੇ ਜੰਗ ਕਰਨ ਦੀ ਆਗਿਆ ਮੰਗੀ, ਜਿਥੇ ਸੰਗੋਸ਼ਾਹ ਆਦਿ ਪੰਜਾਂ ਭਰਾਵਾਂ ਦੇ ਮੋਰਚੇ ਤੇ ਜ਼ੋਰ ਪੈ ਰਿਹਾ ਸੀ। ਗੁਰੂ ਜੀ ਨੇ ਆਗਿਆ ਕੀਤੀ, 'ਜਾਓ ਫੇਰ, ਛੇਤੀ ਜਾਓ, ਤੇ ਤੀਰਾਂ ਦੀ ਮਾਰ ਨਾਲ ਪਠਾਣਾਂ ਨੂੰ ਭਜਾ ਦਿਓ।'

"ਆਗਿਆ ਪਾ ਕੇ ਲਾਲ ਚੰਦ ਮਾਹੀ ਜੋਸ਼ ਨਾਲ ਧਨੁਸ਼ ਨੂੰ ਟੰਕਾਰਦਾ ਤੇ ਘੋੜੇ ਨੂੰ ਕੁਦਾਉਂਦਾ ਘਾਟੇ ਤੋਂ ਉਤਰ ਕੇ ਅਗੇ ਵਧਿਆ । ਵੀਰ ਰਸ ਦੇ ਸੰਚਾਰ ਨਾਲ ਉਸ ਦਾ ਚਿਹਰਾ ਲਾਲ ਹੋ ਗਿਆ ਸੀ। ਉਸ ਕਰੜੇ ਕਮਾਨ ਵਿਚੋਂ ਕੱਸ ਕੱਸ ਕੇ ਐਸੇ ਤੀਰ ਮਾਰੇ ਕਿ ਕਈ ਪਠਾਣ ਘੋੜਿਆਂ ਦੀਆਂ ਪਿੱਠਾਂ ਛੱਡ ਕੇ ਧਰਤੀ ਤੇ ਸੌਂ ਗਏ। ਇੰਨੇ ਨੂੰ ਦੋਹਾਂ ਪਾਸਿਆਂ ਦੇ ਜੋਧੇ ਹੱਥੋ ਹੱਥੀ ਲੜਨ ਲਗੇ। ਅੰਗ ਕਟੇ ਜਾਣ ਲਗੇ ਤੇ ਲਹੂ ਦੀ ਧਾਰਾ ਵਹਿ ਤੁਰੀ । ਪਠਾਣਾਂ ਦੀ ਪਿਛਲੀ ਸਫ਼ ਤੋੜਨ ਲਈ ਮਾਹਰੀ ਚੰਦ ਨੇ ਬੀਰਤਾ ਨਾਲ ਦੁਸ਼ਮਨਾਂ ਦੀ ਫ਼ੌਜ ਵਿਚ ਆਪਣਾ ਘੋੜਾ ਧਸਾ ਦਿਤਾ ਅਤੇ ਅੱਖ ਦੇ ਫੋਰ ਵਿਚ ਦੋ ਤਿੰਨ ਪਠਾਣ ਝਟਕਾ ਕੇ ਪਟਕਾ ਮਾਰੇ । ਪਰ ਪਠਾਣਾਂ ਨੇ ਪਿਛੇ ਹਟ ਕੇ ਮਾਹਰੀ ਚੰਦ ਜੀ ਨੂੰ ਘੇਰ ਲਿਆ ਤੇ ਤੀਰਾਂ ਦੇ ਵਾਰ ਕਰਨ ਲਗੇ, ਪਰ ਉਹ ਘੋੜੇ ਨੂੰ ਚਲਾਕੀ ਨਾਲ ਨਚਾ-ਫੰਦਾ ਕੇ ਵਾਰਾਂ ਨੂੰ ਨਿਸਫਲ ਕਰਦੇ ਰਹੇ । ਜਦੋਂ ਸੰਗੋਸ਼ਾਹ ਨੇ ਭਰਾ ਨੂੰ ਘਿਰਿਆ ਦੇਖਿਆ ਤਾਂ ਪਹਿਲੋਂ ਤੀਰਾਂ ਦੀ ਵਾਛੜ ਕਰ ਕੇ ਹੱਲਾ ਬੋਲ ਦਿੱਤਾ ਤੇ ਦੁਸ਼ਮਨਾਂ ਦੀਆਂ ਦੋ ਸਫ਼ਾਂ ਚੀਰ ਕੇ ਪਠਾਣਾਂ ਨੂੰ ਪਿੱਛੇ ਹਟਾ ਦਿਤਾ। ਕਈ ਤਾਂ ਹੱਲੇ ਦੀ ਤਾਬ ਨਾ ਲਿਆ ਕੇ ਉਠ ਦੌੜੇ। ਇੰਨੇ ਨੂੰ ਮਾਹਰੀ ਚੰਦ ਨੇ ਆਪਣੇ ਆਪ ਨੂੰ ਸੰਭਾਲਿਆ ਤੇ ਆਪਣੀ ਸੈਨਾ ਵਿਚ ਆ ਰਲੇ।

"ਦੂਜੇ ਬੰਨੇ ਪੀਰ ਬੁੱਧੂ ਸ਼ਾਹ ਨੇ ਪਹਾੜੀ ਰਾਜਿਆਂ ਤੇ ਮੁਲਖਈਏ ਦਲਾਂ ਨੂੰ ਬੰਦੂਕਾਂ ਦੀ ਮਾਰ ਨਾਲ ਡੱਕ ਰਖਿਆ ਸੀ ਤੇ ਉਨ੍ਹਾਂ ਨੂੰ ਪਠਾਣਾਂ ਜਾਂ ਹਰੀ ਚੰਦ ਦੀ ਵਿਚਕਾਰਲੇ ਦਲ ਦੀ ਸਹਾਇਤਾ ਕਰਨੋਂ ਰੋਕ ਛੱਡਿਆ ਸੀ। ਗੁੱਸਾ ਖਾ ਕੇ ਪਹਾੜੀਆਂ ਦੇ ਇਸ ਦਲ ਨੇ ਇਕੱਠਿਆਂ ਹੋ ਕੇ ਪੀਰ ਜੀ ਦੇ ਦਲ ਨੂੰ ਗਲੋਂ ਲਾਹੁਣ ਲਈ ਭਿਆਨਕ ਹਮਲਾ ਬੋਲ ਦਿਤਾ। ਦੋਹਾਂ ਪਾਸਿਆਂ ਤੋਂ ਗੋਲੀਆਂ ਚਲੀਆਂ ਜਿਵੇਂ ਦੋ ਬੱਦਲ ਦੋਹਾਂ ਬੰਨਿਆਂ ਤੋਂ ਲਾਗੇ ਲਾਗੇ ਆ ਕੇ ਇਕ ਦੂਜੇ ਤੇ ਗੜੇਮਾਰ ਕਰ ਰਹੇ ਹੋਣ । ਪਹਾੜੀਆਂ ਨੇ ਜ਼ੋਰ ਕਰ ਕੇ ਮਹਾਨ ਜੋਧੇ ਪੀਰ ਬੁੱਧੂ ਸ਼ਾਹ ਨੂੰ ਰੋਕ ਕੇ ਤਿੰਨ ਪਾਸਿਓਂ ਘੇਰ ਲਿਆ, ਪਰ ਪੀਰ ਪਿਛਾਂਹ ਨਾ ਹਟਿਆ। ਉਸ ਸਾਰਿਆਂ ਮੁਰੀਦਾਂ ਨੂੰ ਵੰਗਾਰ ਕੇ ਜਵਾਬੀ ਹਮਲਾ ਕੀਤਾ। ਪਹਾੜੀਆਂ ਦੇ ਜਵਾਬੀ ਹਮਲੇ ਨੂੰ ਆਪਣੇ ਜਵਾਬੀ ਹਮਲੇ ਨਾਲ ਰੋਕ ਕੇ ਪੀਰ ਜੀ ਆਪਣੇ ਚਾਰ ਬਹਾਦਰ ਪੁੱਤਰਾਂ ਨੂੰ ਲੈ ਕੇ ਅਗੇ ਵਧੇ। ਇਨ੍ਹਾਂ ਦੀ ਅਗਵਾਈ ਵਿਚ ਮੁਰੀਦਾਂ ਨੇ ਉਹ ਤਲਵਾਰ ਵਾਹੀ ਕਿ ਹਨੇਰੀ ਵਾਂਗ ਕਈ ਵੱਡੇ ਵੱਡੇ ਆਕੜ-ਖ਼ਾਨ ਜੜ੍ਹਾਂ ਤੋਂ ਉਖੇੜ ਦਿਤੇ। ਕਈ ਪਹਾੜੀਏ ਇਹ ਜ਼ੋਰ ਨਾ ਸਹਾਰਦੇ ਹੋਏ ਜੰਗਲ ਵਲ ਉਠ ਭੱਜੇ। ਇਹ ਦੇਖ ਕੇ ਗਾਜ਼ੀ ਗੁਪਾਲ ਚੰਦ ਗੁਲੇਰੀਆ ਜੋਧਿਆਂ ਦਾ ਤਾਜ਼ਾ-ਦਮ ਦਲ ਲੈ ਕੇ ਉਥੇ ਆ ਧੱਸਿਆ ਤੇ ਪੀਰ ਜੀ ਦੇ ਦਲ ਤੇ ਗੋਲੀਆਂ ਤੇ ਤੀਰਾਂ ਦਾ ਮੀਂਹ ਵਸਾ ਦਿਤਾ। ਗੁਪਾਲ ਨੂੰ ਅੱਗੇ ਵਧਦਿਆਂ ਦੇਖ ਕੇ ਬੀਰ ਪੀਰ ਦੇ ਚਾਰ ਬੀਰ ਸਪੁਤਰ ਅੱਗੇ ਹੋ ਡਟੇ। ਮੁਰੀਦਾਂ ਨੇ ਤਲਵਾਰਾਂ ਦੀ ਮਾਰ ਕੀਤੀ। ਪਹਾੜੀਆਂ ਨੂੰ ਭਜਦਿਆਂ ਦੇਖ ਕੇ ਗੁਪਾਲ ਲਲਕਾਰ ਕੇ ਅਗਾਂਹ ਆਇਆ ਤੇ ਕਹਿਣ ਲੱਗਾ, 'ਕਿਉਂ ਡਰ ਕੇ ਭਜੀ ਜਾਂਦੇ ਹੋ ? ਤੁਹਾਡੀ ਸਹਾਇਤਾ ਲਈ ਹੁਣ ਮੈਂ ਆ ਗਿਆ ਹਾਂ ਤੇ ਵੱਡੇ ਵੱਡੇ ਜੋਧਿਆਂ ਨੂੰ ਮੈਂ ਹੁਣੇ ਲੈ ਲੈਂਦਾ ਹਾਂ ।' ਭਜਦੇ ਪਹਾੜੀਆਂ ਨੂੰ ਧੀਰਜ ਹੋਇਆ। ਉਨ੍ਹਾਂ ਫੇਰ ਇਕੱਠੇ ਹੋ ਕੇ ਹੱਲਾ ਬੋਲਿਆ ਪਰ ਪੀਰ ਦੇ ਪੁੱਤਰ ਪਿਛੇ ਨਾ ਹਟੇ। ਉਨ੍ਹਾਂ ਤੀਰ-ਕਮਾਨ ਤੇ ਸ਼ਮਸ਼ੇਰ-ਜ਼ਨੀ ਦੇ ਉਹ ਜੌਹਰ ਦਿਖਾਏ ਕਿ ਦੋਹਾਂ ਪਾਸਿਆਂ ਦੇ ਜੋਧੇ ਵਾਹ ਵਾਹ ਕਰ ਉਠੇ। ਦੋਹਾਂ ਪਾਸਿਆਂ ਦਾ ਬੜਾ ਨੁਕਸਾਨ ਹੋ ਰਿਹਾ ਸੀ। ਸੰਭਵ ਸੀ ਕਿ ਗੁਪਾਲ ਦੇ ਜੋਸ਼ ਵਧਾਉਣ ਸਦਕਾ ਪਹਾੜੀ ਫ਼ੌਜ ਤੇ ਮੁੜ ਇਕੱਠੀ ਹੋਈ ਛੇੜ, ਪੀਰ ਦੇ ਦਲ ਨੂੰ ਘੇਰ ਲਵੇ । ਸਤਿਗੁਰੂ ਆਪਣੇ ਉੱਚੇ ਦਮਦਮੇ ਤੋਂ ਇਹ ਸਭ ਕੁਝ ਦੇਖ ਰਹੇ ਸਨ।

"ਸਤਿਗੁਰਾਂ ਦੇ ਪਿਆਰੇ ਮਾਮਾ ਕਿਰਪਾਲ ਜੀ ਲਾਗੇ ਖੜੇ ਸਨ। ਸ੍ਰੀ ਗੁਰੂ ਜੀ ਨੇ ਉਨ੍ਹਾਂ ਵਲ ਤੱਕ ਕੇ ਕਿਹਾ, 'ਪਿਆਰੇ ਪੀਰ ਦੀ ਸਹਾਇਤਾ ਲਈ ਤੁਹਾਡੇ ਵਰਗਾ ਪਿਆਰਾ ਹੀ ਜਾਣਾ ਚਾਹੀਦਾ ਹੈ । ਜਾਓ, ਛੇਤੀ ਕਰੋ।'

"ਪੀਰ ਜੀ ਤੇ ਭੀੜ ਬਣੀ ਸੁਣ ਕੇ ਸ੍ਰੀ ਕਿਰਪਾਲ ਜੀ ਦਾ ਦਸਤਾ ਉਡਦਾ ਹੋਇਆ ਉਥੇ ਪਹੁੰਚਿਆ । ਲਲਕਾਰ ਕੇ ਪਹਾੜੀ ਫ਼ੌਜ ਤੇ ਇਕ ਬੰਨਿਓਂ ਹਮਲਾ ਕੀਤਾ। ਸਹਾਇਤਾ ਆਈ ਦੇਖ ਕੇ ਮੁਰੀਦਾਂ ਅੱਗੇ ਵਧਣਾ ਸ਼ੁਰੂ ਕੀਤਾ। ਦੋ ਪਾਸੇ ਤੋਂ ਜ਼ੋਰ ਪਾ ਕੇ, ਪੀਰ ਦੇ ਦੋ ਪੁੱਤਰ ਜੋ ਪਿਛੇ ਨਾ ਹਟਣ ਕਰਕੇ ਘਿਰ ਗਏ ਸਨ, ਘੇਰੇ ਨੂੰ

www.AKJ.Org

ਤੋੜ ਕੇ ਕਢ ਲਏ ਗਏ। ਪੀਰ ਦੇ ਪੁੱਤਰਾਂ ਨੂੰ ਬੜਾ ਰੋਹ ਚੜ੍ਹਿਆ। ਉਹ ਹੋਰ ਮੁਰੀਦ ਨਾਲ ਲੈ ਕੇ ਤੇਗਾਂ ਵਾਹੁੰਦੇ ਅਗਾਂਹ ਵਧੇ ਤੇ ਪਹਾੜੀਆਂ ਨੂੰ ਕੱਟ ਕੱਟ ਕੇ ਸੁਟਣ ਲਗੇ। ਗੁੱਸੇ ਵਿਚ ਆ ਗੁਲੇਰੀਏ ਨੇ ਆਪਣੇ ਧਨਖ ਵਿਚੋਂ ਇਕ ਐਸਾ ਤੀਰ ਛੱਡਿਆ ਕਿ ਪੀਰ ਦੇ ਇਕ ਪੁੱਤਰ ਦੀ ਛਾਤੀ ਚੀਰ ਕੇ ਦਿਲ ਵਿਚੋਂ ਲੰਘ ਗਿਆ। ਜਦੋਂ ਇਹ ਜੋਧਾ ਧਰਤੀ ਤੇ ਡਿੱਗਾ ਤਾਂ ਦੋਹਾਂ ਦਲਾਂ ਦੇ ਜੋਧੇ ਲਾਸ਼ ਤੇ ਕਬਜ਼ਾ ਕਰਨ ਲਈ ਅੱਗੇ ਵਧੇ। ਜ਼ਬਰਦਸਤ ਭੇੜ ਹੋਇਆ। ਸ੍ਰੀ ਕਿਰਪਾਲ ਜੀ ਨੇ ਗੁਪਾਲ ਦੇ ਦੁਆਲੇ ਦੇ ਜੋਧਿਆਂ ਤੇ ਤੀਰਾਂ ਦੀ ਮਾਰ ਕਰ ਕੇ ਉਨ੍ਹਾਂ ਨੂੰ ਖਿਲਾਰ ਦਿਤਾ ਤੇ ਫੇਰ ਇਕੱਠਿਆਂ ਨਾ ਹੋਣ ਦਿਤਾ। ਇਹ ਦੇਖ ਕੇ ਪੀਰ ਤੇ ਮੁਰੀਦ ਤੀਰਾਂ-ਤਲਵਾਰਾਂ ਦੀ ਮਾਰ ਕਰਦੇ ਅਗੇ, ਤੇ ਪਹਾੜੀ ਦਲ ਪਿਛੇ ਹਟਣ ਲੱਗਾ। ਲੋਹੇ ਦੀ ਉਹ ਮਾਰ ਪਈ ਕਿ ਉਨ੍ਹਾਂ ਦਾ ਧੀਰਜ ਪਰ ਲਾ ਕੇ ਉੱਡਣ ਲੱਗਾ, ਤੇ ਬਹਾਦਰ ਖੇਤ ਛਡ ਕੇ ਭੱਜਣ ਲਗੇ। ਇਹ ਦੇਖ ਕੇ ਗੁਪਾਲ ਫੇਰ ਅਗੇ ਵਧਿਆ। ਘੋੜੇ ਨੂੰ ਚੰਭਲਾ ਕੇ ਕਿਰਪਾਲ ਜੀ ਦਾ ਨਿਸ਼ਾਨਾ ਕਰ ਕੇ ਤੀਰ ਮਾਰਿਆ, ਪਰ ਉਨ੍ਹਾਂ ਨੇ ਵੀ ਘੋੜੇ ਨੂੰ ਟਪਾ ਦਿੱਤਾ ਤੇ ਤੀਰ ਘੋੜੇ ਦੀ ਜ਼ੀਨ ਵਿਚ ਖੁਭ ਗਿਆ। ਸ੍ਰੀ ਕਿਰਪਾਲ ਜੀ ਨੇ ਗੁਪਾਲ ਨੂੰ ਵੰਗਾਰਿਆ, 'ਲੈ ਬਈ ਜੋਧਿਆ! ਜਾਂ ਤੇ ਮੇਰਾ ਵਾਰ ਦੇਹ, ਨਹੀਂ ਤੇ ਭਜ ਕੇ ਜਾਨ ਬਚਾ ਲੈ।' ਇਹ ਸੁਣ ਕੇ ਗੁਪਾਲ ਨੇ ਨਿਸ਼ਾਨਾ ਖੁੰਝਾਉਣ ਲਈ ਘੋੜੇ ਨੂੰ ਟਪਾਇਆ-ਕੁਦਾਇਆ, ਪਰ ਕਿਰਪਾਲ ਜੀ ਦਾ ਤੀਰ ਗੁਪਾਲ ਦੇ ਘੋੜੇ ਦੇ ਕੰਨ ਦੀ ਜੜ੍ਹ ਵਿਚ ਡੂੰਘਾ ਜਾ ਖੁਭਾ ਤੇ ਘੋੜਾ ਝੂਲ ਕੇ ਧਰਤੀ ਤੇ ਲੇਟ ਗਿਆ। ਗੁਪਾਲ ਘੋੜੇ ਨੂੰ ਉੱਥੇ ਹੀ ਛਡ ਕੇ ਭੱਜ ਕੇ ਆਪਣੀ ਫ਼ੌਜ ਪਿਛੇ ਜਾ ਲੁਕਿਆ ਤੇ ਫੇਰ ਕਾਇਰਾਂ ਵਾਂਗ ਖਿਸਕ ਗਿਆ। ਪਹਾੜੀਆਂ ਨੂੰ ਹੋਲਿਆਂ ਕਰ ਕੇ ਕਿਰਪਾਲ ਜੀ ਨੇ ਆਪਣੇ ਬਲ ਨਾਲ ਪੀਰ ਜੀ ਦੇ ਸਪੁੱਤਰ ਦੀ ਲਾਸ਼ ਚੁੱਕ ਲਿਆਂਦੀ। ਸ੍ਰੀ ਕਿਰਪਾਲ ਜੀ ਨੇ ਬੜੇ ਕੋਮਲ ਸ਼ਬਦਾਂ ਵਿੱਚ ਪੀਰ ਜੀ ਨੂੰ ਧੀਰਜ ਦਿੱਤਾ। ਪਰ ਪੀਰ ਤਾਂ ਆਪ ਧੀਰਜ ਦਾ ਰੂਪ ਸੀ। ਉਸ ਦੋਵੇਂ ਹੱਥ ਚੁੱਕ ਕੇ ਰੱਬ ਦੀ ਦਰਗਾਹ ਵਿਚ ਦੁਆ ਕੀਤੀ ਤੇ ਤਿੰਨ ਵਾਰ, 'ਸ਼ੁਕਰ! ਸ਼ੁਕਰ!' ਕਿਹਾ। ਕਿਰਪਾਲ ਜੀ ਨੇ ਜਦ ਵਾਪਸ ਜਾ ਕੇ ਕਲਗੀਧਰ ਜੀ ਨੂੰ ਸਭ ਹਾਲ ਸੁਣਾਇਆ ਤਾਂ ਸਤਿਗੁਰਾਂ ਫ਼ੁਰਮਾਇਆ, 'ਵਾਹ! ਵਾਹ! ਬੁੱਧੂ ਸ਼ਾਹ! ਵਾਹ! ਤੂੰ ਆਪਣੀ ਆਨ ਰੱਖ ਲਈ ਹੈ।'

"ਉਧਰ ਵਿਚਕਾਰਲੇ ਮੋਰਚੇ ਤੇ ਵੀ ਪੰਜਾਂ ਭਰਾਵਾਂ ਨੰਦ ਚੰਦ, ਦਯਾ ਰਾਮ ਪੰਡਤ ਤੇ ਲਾਲ ਚੰਦ ਮਾਹੀ ਦੀ ਅਗਵਾਈ ਵਿਚ ਸਿੱਖ-ਦਲ ਨੇ ਪਹਾੜੀਆਂ ਤੇ ਪਠਾਣਾਂ ਦੇ ਵੱਡੇ ਦਲ ਨੂੰ ਬਹੁਤ ਨੁਕਸਾਨ ਕਰ ਕੇ ਪਿਛੇ ਹਟਾ ਦਿਤਾ ਸੀ। ਸੱਜਾ ਪਾਸਾ ਟੁੱਟਾ ਤੇ ਵਿਚਲਾ ਪਾਸਾ ਕਮਜ਼ੋਰ ਹੋਇਆ ਦੇਖ ਕੇ ਫ਼ਤਿਹ ਸ਼ਾਹ ਨੂੰ ਫ਼ਿਕਰ ਪਿਆ ਤੇ ਉਸ ਨੇ ਪਠਾਣਾਂ ਦਾ ਰੋਹ ਵਧਾਉਣ ਹਿਤ ਭੀਖਨ ਖ਼ਾਨ, ਹਯਾਤ ਖ਼ਾਨ, ਨਜਾਬਤ ਖਾਨ ਤੇ ਜਵਾਹਰ ਖ਼ਾਨ ਨੂੰ ਸਦਵਾ ਕੇ ਵਿਅੰਗ ਨਾਲ ਕਿਹਾ, 'ਤੁਸੀਂ ਤੇ ਕਹਿੰਦੇ ਸਾਓ ਕਿ ਗੁਰੂ ਕੋਲ ਗਵਾਰ ਲੋਕ ਇਕੱਠੇ ਹੋਏ ਹੋਏ ਹਨ ਤੇ ਨਾਲੇ ਕਹਿੰਦੇ ਸਾਓ ਕਿ ਉਨ੍ਹਾਂ ਨੂੰ ਹਥਿਆਰ ਚਲਾਉਣੇ ਤੇ ਕਿਤੇ ਰਹੇ, ਚੁਕਣੇ ਵੀ ਨਹੀਂ ਆਉਂਦੇ। ਹੁਣ ਜਦ ਤੁਹਾਨੂੰ ਗੁਰੂ ਕੇ ਖ਼ਜ਼ਾਨੇ ਦੀ ਲੁੱਟ ਮੁਆਫ਼ ਕੀਤੀ ਹੋਈ ਹੈ ਤਾਂ ਤੁਸੀਂ ਇਕ-ਵਾਰਗੀ ਹਮਲਾ ਕਰ ਕੇ ਕੰਮ ਖ਼ਤਮ ਕਿਉਂ ਨਹੀਂ ਕਰਦੇ?'

"ਭੀਖਣ ਕਹਿਣ ਲੱਗਾ, 'ਭਿਆਨਕ ਜੰਗ ਸ਼ੁਰੂ ਹੀ ਸਮਝੋ! ਸਾਰੇ ਇਨ੍ਹਾਂ ਵਿਚ ਵੀਹ ਕੁ ਜੋਧੇ ਹਨ। ਲਓ, ਮਾਰੇ ਕਿ ਮਾਰੇ! ਫੇਰ ਹੱਲਾ ਬੋਲ ਕੇ ਇਨ੍ਹਾਂ ਨੂੰ ਨਸਾ ਦਿਆਂਗੇ। ਹੁਣ ਤੁਸੀਂ ਫ਼ਿਕਰ ਹੀ ਨਾ ਕਰੋ।'

"ਝੱਟ ਹੀ ਉਸ ਨੇ ਆਪਣੇ ਸਵਾਰ ਇਕੱਠੇ ਕੀਤੇ। ਹਯਾਤ ਖ਼ਾਨ ਨੂੰ ਬੜਾ ਹੀ ਰੋਹ ਚੜ੍ਹਿਆ। ਉਸ ਨੇ ਭੀਖਣ ਖ਼ਾਨ ਨੂੰ ਨਾਲ ਲਿਆ, ਘੋੜਾ ਤੇਜ਼ ਕੀਤਾ ਤੇ ਵਿਚਕਾਰਲੇ ਮੋਰਚੇ ਤੇ ਹੱਲਾ ਬੋਲ ਕੇ ਜੁੱਧ ਨੂੰ ਫ਼ੇਰ ਭਖਾ ਦਿਤਾ। ਉਨ੍ਹਾਂ ਨੇ ਪਹਿਲੋਂ ਤੀਰਾਂ ਦੀ ਬਰਖਾ ਕੀਤੀ। ਜਿਹੜਾ ਅੱਗੇ ਵਧਦਾ ਸੀ, ਉਸੇ ਨੂੰ ਤੀਰ ਲਗਦਾ ਸੀ। ਜੋਸ਼-ਵਧਾਊ ਢੋਲ ਤੇ ਨਗਾਰੇ ਵਜ ਰਹੇ ਸਨ। ਦੇਖਦਿਆਂ ਦੇਖਦਿਆਂ ਧਰਤੀ ਲਹੂ ਨਾਲ ਰੰਗੀ ਗਈ। ਵਿਚਕਾਰਲੀ ਸਿਖ-ਸੈਨਾ ਦੀ ਉਨ੍ਹਾਂ ਬਹੁਤ ਹਾਨੀ ਕੀਤੀ ਤੇ ਜ਼ੋਰ ਨਾਲ ਪਿਛਾਂਹ ਧੱਕ ਦਿਤਾ। ਦਾਅ ਬਚਾਂ ਕੇ ਉਹ ਵਾਰ ਕਰਦੇ ਸਨ। ਘੋੜਿਆਂ ਨੂੰ ਤੇਜ਼ ਕਰ ਕੇ ਉਹ ਬੀਰਾਂ ਨੂੰ ਵੰਗਾਰਦੇ ਸਨ।

'ਇਹ ਵੰਗਾਰ ਸੁਣ ਕੇ ਇਸ ਉਦਾਸੀ ਕੀਟ ਨੂੰ ਰੋਹ ਚੜ੍ਹ ਗਿਆ। ਦਾਸ ਸਤਿਗੁਰਾਂ ਕੋਲ ਖੜਾ ਸੀ। ਸਿਖ-ਦਲ ਦੀ ਹਾਨੀ ਨਹੀਂ ਸੀ ਦੇਖੀ ਜਾਂਦੀ। ਮੈਂ ਬੇਨਤੀ ਕੀਤੀ 'ਪ੍ਰਭੂ ਗੁਰਦੇਵ! ਇਹ ਹਯਾਤ ਕਮਜ਼ਾਤ ਸਾਡੇ ਦਲ ਨੂੰ ਬੜਾ ਡਰਾ ਰਿਹਾ ਹੈ। ਕੀਟ ਨੂੰ ਆਗਿਆ ਬਖਸ਼ੋ, ਇਹ ਬੜੇ ਦਾਅ-ਘਾ ਕਰਦਾ ਹੈ। ਮੈਂ ਇਸ ਨਾਲ ਲੜਾਂਗਾ ਤੇ ਕੰਡਾ ਪੁਟ ਕੇ ਮੁੜ ਤੁਹਾਡੇ ਦਰਸ਼ਨ ਕਰਾਂਗਾ।'

www.AKJ.Org

[ਮਹੰਤ ਜੀ ਦਾ ਜੁੱਧ ਤੇ ਬਾਕੀ ਹਾਲ ਅਗਲੇ ਪਰਚੇ ਵਿਚ

# ਬਨਾਸਪਤੀ ਘਿਓ ਵਿਚ ਤੰਬਾਕੂ ਦੇ ਤੇਲ ਦੀ ਮਿਲਾਵਟ ?

ਕਾਨਪੁਰ ਤੋਂ ਸ: ਮੋਹਨ ਸਿੰਘ ਜੀ ਗਾਰਡ ਨੇ ਹਿੰਦੀ ਦੇ ਇਕ ਅਖ਼ਬਾਰ 'ਰੋਜ਼ਾਨਾ ਜਾਗਰਣ ਕਾਨਪੁਰ' ੬ ਜੁਲਾਈ ੧੯੭੪ ਦੀ ਇਕ ਕਟਿੰਗ ਭੇਜੀ ਹੈ, ਜਿਸ ਦਾ ਉਲਥਾ ਹੇਠ ਲਿਖੇ ਅਨੁਸਾਰ ਹੈ—

(ਨਿਜੀ ਪੱਤਰਕਾਰ ਰਾਹੀਂ) ਕਾਨਪੁਰ, ਸ਼ੁਕਰਵਾਰ— ਬਨਾਸਪਤੀ ਘਿਓ ਵਿਚ ਅੱਜ ਤਕ ਸਾਫ਼ ਕੀਤੇ ਹੋਏ ਮੋਬਿਲ ਆਇਲ ਤੇ ਚਰਬੀ ਆਦਿ ਦੀ ਬਜ਼ਾਰ ਵਿਚ ਮਿਲਾਵਟ ਦੀਆਂ ਆਮ ਸ਼ਿਕਾਇਤਾਂ ਮਿਲਦੀਆਂ ਰਹਿੰਦੀਆਂ ਸਨ, ਪਰ ਹੁਣ ਪਤਾ ਲਗਾ ਹੈ ਕਿ ਬਨਾਸਪਤੀ-ਉਤਪਾਦਕ ਉਸ ਵਿਚ ਤੰਬਾਕੂ ਦਾ ਤੇਲ ਵੀ ਮਿਲਾਂਦੇ ਹਨ । ਬਨਾਸਪਤੀ ਬਣਾਉਣ ਵਾਲਿਆਂ ਦੇ ਜਾਣਕਾਰ ਹਲਕਿਆਂ ਦੇ ਕਹਿਣ ਅਨੁਸਾਰ ਅਨੇਕਾਂ ਬਨਾਸਪਤੀ-ਉਪਾਦਕਾਂ ਦੁਆਰਾ ਘਿਓ ਵਿਚ ਪੰਜ ਫ਼ੀ ਸਦੀ ਤੰਬਾਕੂ ਦੇ ਤੇਲ ਦੀ ਮਿਲਾਵਟ ਕਾਫ਼ੀ ਸਮੇਂ ਤੋਂ ਕੀਤੀ ਜਾ ਰਹੀ ਹੈ ।

ਇਨ੍ਹਾਂ ਜਾਣਕਾਰ ਹਲਕਿਆਂ ਦਾ ਕਹਿਣਾ ਹੈ ਕਿ ਤੰਬਾਕੂ ਦਾ ਤੇਲ ਬਨਾਸਪਤੀ ਵਿਚ ਮਿਲਾਏ ਜਾਣ ਵਾਲੇ ਬਾਹਰੋਂ ਮੰਗਾਏ ਜਾਣ ਵਾਲੇ ਤੇਲਾਂ ਨਾਲੋਂ ਵੀ ਸਸਤਾ ਪੈਂਦਾ ਹੈ । ਹੁਣ ਜਦੋਂ ਕਿ ਸਰਕਾਰ ਨੇ ਇਨ੍ਹਾਂ ਬਾਹਰਲੇ ਤੇਲਾਂ ਦੀ ਸਪਲਾਈ ਬੰਦ ਕਰ ਦਿਤੀ ਹੈ, ਤਾਂ ਬਨਾਸਪਤੀ ਵਿਚ ਤੰਬਾਕੂ ਦੇ ਤੇਲ ਦੀ ਮਿਲਾਵਟ ਦੀ ਮਿਕਦਾਰ ਹੋਰ ਜ਼ਿਆਦਾ ਵਧ ਜਾਣ ਦੀ ਸੰਭਾਵਨਾ ਹੈ । ਇਨ੍ਹਾਂ ਜਾਣੂ ਹਲਕਿਆਂ ਦੇ ਕਹੇ ਅਨੁਸਾਰ ਬਨਾਸਪਤੀ ਵਿਚ ਸਿਰਫ਼ ਪੰਜ ਫ਼ੀ ਸਦੀ ਤੰਬਾਕੂ ਦਾ ਤੇਲ ਮਿਲਾਉਣ ਨਾਲ ਉਤਪਾਦਕਾਂ ਦਾ ਤਿੰਨ ਹਜ਼ਾਰ ਰੁਪਏ ਫ਼ੀ ਟਨ ਲਾਭ ਵਧ ਜਾਂਦਾ ਹੈ । ਇਨ੍ਹਾਂ ਨੇ ਇਹ ਵੀ ਦਸਿਆ ਹੈ ਕਿ ਤੰਬਾਕੂ ਦੇ ਤੇਲ ਦੀ ਮਿਲਾਵਟ ਰਸਾਇਣਕ ਪਰੀਖਸ਼ਣ ਦੇ ਨਾਲ ਵੀ ਪਤਾ ਨਹੀਂ ਲਗਦੀ ।

ਜਾਣਕਾਰ ਸੂਤਰਾਂ ਅਨੁਸਾਰ ਤੰਬਾਕੂ ਦੇ ਤੇਲ ਦਾ ਉਤਪਾਦਨ ਜ਼ਿਆਦਾ ਤਰ ਦਖਣੀ ਭਾਰਤ ਵਿਚ ਹੁੰਦਾ ਹੈ ਅਤੇ ਬਨਾਸਪਤੀ ਵਿਚ ਮਿਲਾਵਟ ਲਈ ਇਹ ਤੇਲ-ਉਤਪਾਦਕ ਮਦਰਾਸ ਤੋਂ ਮੰਗਾਉਂਦੇ ਹਨ ।

ਤੰਬਾਕੂ ਦੇ ਤੇਲ ਦੇ ਗੁਣਾਂ ਔਗੁਣਾਂ ਬਾਰੇ ਇੰਡੀਅਨ ਮੈਡੀਕਲ ਐਸੋਸੀਏਸ਼ਨ ਕਾਨਪੁਰ ਸ਼ਾਖਾ ਦੇ ਮੁਖੀ ਡਾਕਟਰ ਕੇ. ਪੀ. ਮਹਿਰੋਤ੍ਰਾ ਪਾਸੋਂ ਪੁਛਣ 'ਤੇ ਉਨ੍ਹਾਂ ਦਸਿਆ ਕਿ ਤੰਬਾਕੂ ਦਾ ਤੇਲ ਵਰਤਣ ਨਾਲ ਦਸਤ, ਖ਼ੂਨ ਦੀ ਘਾਟ, ਅੱਖਾਂ ਦੀ ਰੌਸ਼ਨੀ ਵਿਚ ਕਮੀ, ਆਦਿ ਬੀਮਾਰੀਆਂ ਤੋਂ ਇਲਾਵਾ ਕੈਂਸਰ ਤਕ ਵੀ ਹੋ ਸਕਦੀ ਹੈ, ਕਿਉਂਕਿ ਇਸ ਵਿਚ ਨਿਕੋਟੀਨ ਹੁੰਦੀ ਹੈ । ਉਨ੍ਹਾਂ ਨੇ ਦਸਿਆ ਕਿ ਤੰਬਾਕੂ ਦਾ ਤੇਲ ਜ਼ਿਆਦਾ ਮਾਤਰਾ ਵਿਚ ਵਰਤਣਾ ਜ਼ਹਿਰ ਦਾ ਪ੍ਰਭਾਵ ਵੀ ਦਿਖਾ ਸਕਦਾ ਹੈ ।

---

# ਕੁਰਾਨ ਦੀ ਸ਼ੁਧ ਛਪਵਾਈ ਤੇ ਪਾਕਿਸਤਾਨ

ਪਾਕਿਸਤਾਨ ਸਰਕਾਰ ਨੇ ਇਕ ਹੁਕਮ ਜਾਰੀ ਕਰ ਕੇ ਕੁਰਾਨ ਸ਼ਰੀਫ ਦੀ ਛਪਾਈ ਤੇ ਪਾਬੰਦੀ ਲਾ ਦਿਤੀ ਹੈ । ਇਹ ਕਾਰਵਾਈ ਇਸ ਲਈ ਕੀਤੀ ਗਈ ਹੈ ਤਾਂਕਿ ਕੁਰਾਨ ਦੀ ਅਸ਼ੁਧ ਛਪਵਾਈ ਰੋਕੀ ਜਾ ਸਕੇ ਅਤੇ ਹਰ ਜਣਾ ਖਣਾ ਕੁਰਾਨ ਛਾਪਣ ਦਾ ਹੀਆ ਨਾ ਕਰ ਸਕੇ ।

ਇਸ ਅਨੁਸਾਰ ਹੁਣ ਕੁਰਾਨ ਛਾਪਣ ਵਾਲੀ ਫ਼ਰਮ ਨੂੰ ਮੁਸਲਮਾਨਾਂ ਦੇ ਧਾਰਮਿਕ ਮਾਮਲਿਆਂ ਬਾਰੇ ਵਿਭਾਗ ਦੇ ਸਾਹਮਣੇ ਪੇਸ਼ ਹੋਣਾ ਪਵੇਗਾ ਅਤੇ ਵਿਭਾਗ ਇਸ ਗੱਲ ਦਾ ਜਾਇਜ਼ਾ ਲਵੇਗਾ ਕਿ ਇਹ ਫ਼ਰਮ ਜਾਂ ਵਿਅਕਤੀ ਕੁਰਾਨ ਦੀ ਸ਼ੁਧ ਛਪਵਾਈ ਕਰ ਸਕੇਗਾ ਜਾਂ ਨਹੀਂ ? ਕੁਰਾਨ ਦੀ ਅਸ਼ੁਧ ਛਪਵਾਈ ਕਰਨ ਵਾਲੀ ਫ਼ਰਮ ਜਾਂ ਵਿਅਕਤੀ ਨੂੰ ਇਹ ਵਿਭਾਗ ਸਜ਼ਾ ਭੀ ਦੇ ਸਕੇਗਾ ।

ਇਹ ਖ਼ਬਰ ਪੜ੍ਹ ਕੇ ਜਿਥੇ ਸਾਨੂੰ ਪਾਕਿਸਤਾਨ ਦੀ ਧਾਰਮਿਕ ਜਾਗ੍ਰਿਤੀ ਤੇ ਪਕਿਆਈ ਤੇ ਖ਼ੁਸ਼ੀ ਹੋਈ ਹੈ, ਉਥੇ ਇਸ ਗੱਲ ਦਾ ਅਫ਼ਸੋਸ ਭੀ ਹੋਇਆ ਹੈ ਕਿ ਭਾਰਤ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸ਼ੁਧ ਛਪਵਾਈ ਅਤੇ ਆਦਰ ਸਤਿਕਾਰ ਵਲ ਬਹੁਤ ਘਟ ਧਿਆਨ ਦਿਤਾ ਜਾਂਦਾ ਹੈ, ਪਾਕਿਸਤਾਨ ਸਰਕਾਰ ਨੇ ਤਾਂ ਕੁਰਾਨ ਦੀ ਸ਼ੁਧ ਛਪਵਾਈ ਵਾਸਤੇ ਕਾਨੂੰਨ ਬਣਾਇਆ ਹੈ ਪਰ ਸਾਡੀ ਨਾਮ ਨਿਹਾਦ ਸੈਕੂਲਰ ਸਰਕਾਰ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਧਾਰਮਿਕ ਪਰੰਪਰਾਵਾਂ ਕਾਇਮ ਰੱਖਣ ਵਾਸਤੇ ਕੋਈ ਉਪਰਾਲਾ ਨਹੀਂ ਕਰ ਰਹੀ । ਕੀ ਸਿਖ ਸੰਸਥਾਵਾਂ ਪਾਕਿਸਤਾਨ ਵਰਗਾ ਕਾਨੂੰਨ ਬਣਾਉਣ ਵਾਸਤੇ ਆਵਾਜ਼ ਉਠਾਣਗੀਆਂ ?

[ਗੁਰਮਤਿ ਵਿਚਾਰ ਪਤ੍ਰਕਾ, ਜਲੰਧਰ

www.AKJ.org

# ਰਿਸ਼ਤੇ ਨਾਤੇ

ਜੁਲਾਈ ਦੇ ਪਰਚੇ ਵਿਚ ਰਿਸ਼ਤੇ ਨਾਤਿਆਂ ਬਾਰੇ ੯ ਫ਼ਾਰਮ ਦਿਤੇ ਗਏ ਸਨ। ਉਨ੍ਹਾਂ ਬਾਰੇ ਆਈਆਂ ਚਿਠੀਆਂ ਸੰਬੰਧਤ ਸਜਣਾਂ ਨੂੰ ਭੇਜ ਦਿਤੀਆਂ ਗਈਆਂ ਹਨ।

**ਲੋੜਵੰਦ ਸੱਜਣ ਨੋਟ ਕਰਨ** ਕਿ (੧) ਲਫ਼ਾਫ਼ੇ ਦੇ ਬਾਹਰ ਐਡਰੈਸ ਲਿਖਣ ਵਾਲੀ ਥਾਂ ਤੇ ਲਿਖੋ–

ਫ਼ਾਰਮ ਨੰਬਰ––(ਜਿਸ ਨੰਬਰ ਨੂੰ ਤੁਸਾਂ ਚਿਠੀ ਲਿਖੀ ਹੈ, ਉਸ ਦਾ ਨੰਬਰ ਲਿਖੋ)

ਮਾਰਫ਼ਤ ਸੂਰਾ ਮਾਸਕ ਪੱਤਰ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ।

ਨੋਟ ਨੰਬਰ ੨–ਅਸੀਂ ਛਪ ਚੁਕੇ ਉਨ੍ਹਾਂ ਫ਼ਾਰਮਾਂ ਨੂੰ ਹੀ ਛੇ ਮਹੀਨਿਆਂ ਬਾਅਦ ਦੁਬਾਰਾ ਪਰਚੇ ਵਿਚ ਛਾਪਾਂਗੇ, ਜਿਨ੍ਹਾਂ ਬਾਰੇ ਸੰਬੰਧਤ ਸਜਣਾਂ ਵਲੋਂ ਦੁਬਾਰਾ ਛਾਪਣ ਦੀ ਇਤਲਾਹ ਪੁਜੇਗੀ। ਜਿਹੜੇ ਰਿਸ਼ਤੇ ਸਿਰੇ ਚੜ੍ਹ ਜਾਣ ਉਹ ਸਜਣ ਸਾਨੂੰ ਇਤਲਾਹ ਭੇਜ ਦੇਣ, ਤਾਕਿ ਉਨ੍ਹਾਂ ਦੇ ਫ਼ਾਰਮ ਤੇ ਲਿਖ ਦਿਤਾ ਜਾਵੇ। ਨਵੇਂ ਫ਼ਾਰਮ ਹੇਠ ਲਿਖੇ ਹਨ–

**ਫ਼ਾਰਮ ਨੰਬਰ ੧੦**–ਇਕ ਅੰਮ੍ਰਿਤਧਾਰੀ ਸਿੰਘ, ਨਿਤਨੇਮੀ, ਕੀਰਤਨੀਆ, ਉਮਰ ੨੭ ਸਾਲ, ਕਦ ੫ ਫੁਟ ੭॥ ਇੰਚ, ਬੀ. ਏ., ਸਰਕਾਰੀ ਮੁਲਾਜ਼ਮ, ਤਨਖ਼ਾਹ ੪੨੫ ਰੁਪਏ, ਜ਼ਾਤ ਪਾਤ ਤੇ ਲੈਣ ਦੇਣ ਦਾ ਕੋਈ ਵਿਚਾਰ ਨਹੀਂ, ਵਾਸਤੇ ਘਟੋ ਘਟ ਮੈਟਰਿਕ ਪਾਸ ਅੰਮ੍ਰਿਤਧਾਰੀ ਬੀਬੀ ਦੀ ਲੋੜ ਹੈ। ਵਧੇਰੇ ਵਿਦਿਆ ਨੂੰ ਤਰਜੀਹ ਹੋਵੇਗੀ।

**ਫ਼ਾਰਮ ਨੰਬਰ ੧੧**–ਇਕ ਅੰਮ੍ਰਿਤਧਾਰੀ, ਪੰਜ ਬਾਣੀਆਂ ਦੀ ਨਿਤਨੇਮਣ, ਉਮਰ ੨੦ ਸਾਲ, ਕਦ ੫ ਫੁਟ ੩ ਇੰਚ, ਚੰਗੀ ਸਿਹਤ, ਬੀ. ਏ. ਪਾਸ, ਘਰੇਲੂ ਕੰਮ ਵਿਚ ਨਿਪੁੰਨ, ਗੁਰਮੁਖ ਪਰਵਾਰ, ਲਈ ਰਾਮਗੜ੍ਹੀਆਂ ਗੁਰਸਿਖ ਪਰਵਾਰ ਚੋਂ ਅੰਮ੍ਰਿਤਧਾਰੀ ਗੁਰਸਿਖ ਦੀ ਲੋੜ ਹੈ।

## ਭਾਈ ਸਾਹਿਬ ਰਣਧੀਰ ਸਿੰਘ ਜੀ ਪੁਸਤਕ-ਫ਼ੰਡ ਨੂੰ ਸਹਾਇਤਾ

ਸ: ਬਲਬੀਰ ਸਿੰਘ ਜੀ, ੧੨੯-ਮਾਡਲ ਟਾਊਨ, ਲੁਧਿਆਣਾ ਤੋਂ ਇਤਲਾਹ ਦਿੰਦੇ ਹਨ ਕਿ–

ਸ੍ਰੀਮਾਨ ਪਿਤਾ ਜੀ (ਭਾਈ ਸਾਹਿਬ ਰਣਧੀਰ ਸਿੰਘ ਜੀ) ਲਿਖਤ ਪੰਜਾਬੀ ਪੁਸਤਕਾਂ ਨੂੰ ਮੁੜ ਛਪਵਾਉਣ ਲਈ ਹੇਠ ਲਿਖੇ ਸਜਣਾਂ ਪਾਸੋਂ ਮਾਇਆ ਦਾਸ ਨੂੰ ਪੁਜੀ ਹੈ–

| | |
|---|---|
| ਅਖੰਡ ਕੀਰਤਨੀ ਜੱਥਾ ਯੂ. ਕੇ., ਰਾਹੀਂ ਭਾਈ ਰਾਮ ਸਿੰਘ ਹਰਬਖ਼ਸ਼ ਸਿੰਘ ਜੀ (ਪੰਜਾਹ ਪੌਂਡ) | ੯੨੯-੭੫ |
| ਭਾਈ ਸੁਰਿੰਦਰ ਸਿੰਘ ਜੀ ਨਵਜੋਤ ਫ਼ਾਰਮ, ਕੋਟਾ (ਰਾਜਸਥਾਨ) | ੧੫-੦੦ |
| ਭਾਈ ਮੋਹਨ ਸਿੰਘ ਜੀ ਸਿਪਾਹੀ, ਕਸ਼ਮੀਰ | ੧੦੦-੦੦ |
| ਸ: ਅਵਤਾਰ ਸਿੰਘ ਜੀ, ਨਿਊ ਜਰਸੀ, ਅਮਰੀਕਾ (ਪੰਜ ਸੌ ਡਾਲਰ) | ੩੮੨੫-੬੦ |
| ਅਖੰਡ ਕੀਰਤਨੀ ਜੱਥਾ ਯੂ. ਕੇ., ਰਾਹੀਂ ਸ: ਬੇਤਾ ਸਿੰਘ ਜੀ ਬਰਮਿੰਘਮ (ਪੰਜ ਸੋ ਦੋ ਪੌਂਡ) | ੯੩੪੭-੯੫ |

ਸਤਿਗੁਰੂ ਸਭ ਦਾਨੀ ਸਜਣਾਂ ਨੂੰ ਗੁਰਸਿਖੀ ਜੀਵਨ, ਗੁਰਮਤਿ ਰਹਿਣੀ ਤੇ ਚੜ੍ਹਦੀਆਂ ਕਲਾਂ ਬਖ਼ਸ਼ਣ।

## ਸਿੰਘ ਸਭਾ ਸ਼ਤਾਬਦੀ ਕਮੇਟੀ ਵਲੋਂ ਗੁਰੂ ਗ੍ਰੰਥ ਸਾਹਿਬ ਵਿਚਾਰ ਸੰਮੇਲਨ

### ੧੩ ਸਤੰਬਰ ਤੋਂ ੧੬ ਸਤੰਬਰ ਤਕ ਸ੍ਰੀ ਅੰਮ੍ਰਿਤਸਰ ਵਿਖੇ

ਗਿ: ਗੁਰਦਿਤ ਸਿੰਘ ਜੀ ਇਤਲਾਹ ਦਿੰਦੇ ਹਨ ਕਿ ਕੇਂਦਰੀ ਸਿੰਘ ਸਭਾ ਸ਼ਤਾਬਦੀ ਕਮੇਟੀ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਉਤਸ਼ਵ ਸਮੇਂ ਸੰਮੇਲਨ ਕੀਤੇ ਜਾ ਰਹੇ ਹਨ, ਜਿਨ੍ਹਾਂ ਵਿਚ ਵਿਸ਼ੇਸ਼ ਕੀਰਤਨ ਸਮਾਗਮ ਹੋਣਗੇ। ਭਾਈ ਸਾਹਿਬ ਮਹਿੰਦਰ ਸਿੰਘ ਜੀ ਐਸ. ਡੀ. ਓ. ਤੇ ਭਾਈ ਸਾਹਿਬ ਜੋਗਿੰਦਰ ਸਿੰਘ ਜੀ ਤਲਵਾੜਾ ਕੀਰਤਨ ਸਮਾਗਮਾਂ ਵਿਚ ਹਾਜ਼ਰੀਆਂ ਭਰਨਗੇ। ਭਾਈ ਸਾਹਿਬ ਮਿਹਰ ਸਿੰਘ ਜੀ ਦਿਲੀ ਵਾਲਿਆਂ ਨੂੰ ਵੀ ਬੇਨਤੀ ਕੀਤੀ ਗਈ ਹੈ।

www.AKJ.Org

# ਸਾਲਾਨਾ ਕੀਰਤਨ ਸਮਾਗਮ ਅੰਬਾਲਾ ਛਾਉਣੀ

ਹਰ ਸਾਲ ਵਾਂਗ ਅੰਬਾਲਾ ਛਾਉਣੀ ਵਿਖੇ ਸਾਲਾਨਾ ਕੀਰਤਨ ਸਮਾਗਮ 7-8-74 ਤੋਂ 11-8-74 ਤਕ ਹੋਣਾ ਨੀਯਤ ਕੀਤਾ ਗਿਆ ਹੈ। ਕੀਰਤਨ ਪ੍ਰੋਗਰਾਮ ਹੇਠਾਂ ਦਿਤਾ ਜਾਂਦਾ ਹੈ। ਸਰਬਤ ਸੰਗਤਾਂ ਦਿਆਂ ਚਰਨਾਂ ਵਿਚ ਜੋਦੜੀ ਹੈ ਕਿ ਆਇ ਦੀਦਾਰੇ ਬਖਸ਼ੋ ਤੇ ਹਰ ਜਸ ਦੀਆਂ ਘੁਮਰਾਂ ਪਾਉ।

## ਪ੍ਰੋਗਰਾਮ

| ਮਿਤੀ ਤੇ ਦਿਨ | ਸਮਾਂ | ਪ੍ਰੋਗਰਾਮ ਦਾ ਵੇਰਵਾ | ਅਸਥਾਨ |
|---|---|---|---|
| 7-8-74 ਬੁਧਵਾਰ | 5 ਤੋਂ 8 ਸਵੇਰੇ | ਕੀਰਤਨ, ਉਪਰੰਤ ਆਰੰਭ ਸ੍ਰੀ ਅਖੰਡ ਪਾਠ | ਗੁ: ਗੋਬਿੰਦ ਨਗਰ |
| 9-8-74 ਸ਼ੁਕਰਵਾਰ | 5 ਵਜੇ ਸਵੇਰੇ | ਭੋਗ ਸ੍ਰੀ ਅਖੰਡ ਪਾਠ | ,, |
| ,, ,, | 5 ਤੋਂ 1 ਦੁਪਹਿਰ | ਕੀਰਤਨ | ,, |
| ,, ,, | 7 ਤੋਂ 9½ ਸ਼ਾਮ | ਸੋਦਰ ਦੀ ਚੌਕੀ | ਗੁ: ਰਜਮੈਂਟ ਬਜ਼ਾਰ |
| 10-8-74 ਸ਼ਨੀਵਾਰ | 5 ਤੋਂ 1 ਵਜੇ ਦੁਪਹਿਰ ਤਕ ਕੀਰਤਨ | | ਗੁ: ਗੋਬਿੰਦ ਨਗਰ |

## ਰੈਣ ਸਬਾਈ ਕੀਰਤਨ

| | | |
|---|---|---|
| 10-8-74 ਸਨੀਵਾਰ | ਸ਼ਾਮ 8 ਵਜੇ ਆਰੰਭ | ਗੁ: ਗੋਬਿੰਦ ਨਗਰ |
| 11-8-74 ਐਤਵਾਰ | ਸਮਾਪਤੀ ਕੀਰਤਨ ਰੈਣ ਸਬਾਈ ਸਵੇਰੇ 7 ਵਜੇ | ,, |

ਨੋਟ :—ਬਾਹਰੋਂ ਆਉਣ ਵਾਲੇ ਸਜਣ ਲੋੜ ਅਨੁਸਾਰ ਬਿਸਤਰੇ ਲਿਆਉਣ ਦੀ ਕ੍ਰਿਪਾਲਤਾ ਕਰਨ। ਅੰਮ੍ਰਿਤ ਸੰਚਾਰ 10-8-74 ਸ਼ਾਮ ਨੂੰ 4 ਵਜੇ ਗੁਰਦਵਾਰਾ ਗੋਬਿੰਦ ਨਗਰ ਵਿਖੇ ਹੋਵੇਗਾ।

ਦਾਸਰੇ—
ਨਿਰਬਾਣ ਕੀਰਤਨੀ ਜੱਥਾ, ਅੰਬਾਲਾ ਛਾਉਣੀ

ਪੁਛ ਗਿਛ—
ਭਾਈ ਇੰਦਰ ਸਿੰਘ ਜੀ, ਗੋਬਿੰਦ ਨਗਰ, ਅੰਬਾਲਾ ਛਾਉਣੀ

---

# ਸ: ਦਰਸ਼ਨ ਸਿੰਘ ਜੀ ਦਿਲੀ ਦੀ ਧਰਮ-ਪਤਨੀ ਦਾ ਅਕਾਲ ਚਲਾਣਾ

ਘਰਿ ਘਰਿ ਏਹੋ ਪਾਹੁਚਾ, ਸਦੜੇ ਨਿਤ ਪਵੰਨਿ ॥ ਸਦਣਹਾਰਾ ਸਿਮਰੀਐ, ਨਾਨਕ ਸੇ ਦਿਹ ਆਵੰਨਿ ॥

ਗੁਰਮੁਖ ਪਿਆਰੇ ਨਾਮ ਰਸੀਏ ਵੀਰ, ਸ: ਦਰਸ਼ਨ ਸਿੰਘ ਜੀ ਦੀ ਸੁਪਤਨੀ ਬੀਬੀ ਜਗਜੀਤ ਕੌਰ ਜੀ ੧੦-੪-੭੪ ਬੁਧਵਾਰ ਨੂੰ ਅਚਣਚੇਤ ਅਕਾਲ ਚਲਾਣਾ ਕਰ ਗਏ ਹਨ। ਬੀਬੀ ਜੀ ਬਹੁਤ ਸੇਵਾ ਭਾਵ ਤੇ ਗੁਰਮਤਿ ਗੁਣਾਂ ਵਾਲੇ ਸਨ। ਉਨ੍ਹਾਂ ਦੇ ਚੰਗੇ ਸਾਥ ਕਰ ਕੇ ਸ: ਦਰਸ਼ਨ ਸਿੰਘ ਜੀ ਅਨੇਕਾਂ ਪ੍ਰਾਣੀਆਂ ਨੂੰ ਪ੍ਰੇਰ ਪ੍ਰੇਰ ਕੇ ਗੁਰੂ ਦੇ ਲੜ ਲਾਉਂਦੇ ਰਹੇ ਹਨ।

ਬੀਬੀ ਜੀ ਨੇ ਗੁਰਪੁਰੀ ਨੂੰ ਅਸਚਰਜ ਪਇਆਨੇ ਕੀਤੇ। ਯਕ-ਲਖ਼ਤ ਹੀ ਮਿੰਟਾਂ ਸਕਿੰਟਾਂ ਵਿਚ ਤੁਰ ਗਏ। ਸਵੇਰ ਤੋਂ ਦੁਪਹਿਰ ਤਕ ਘਰੋਗੀ ਸਾਰੀ ਸੇਵਾ ਨਿਭਾਈ, ਦੁਪਹਿਰ ਦਾ ਪਰਸ਼ਾਦਾ ਛਕਾਇਆ ਤੇ ਛਕਿਆ। ਫਿਰ ਸਾਢੇ ਤਿੰਨ ਵਜੇ ਤਕ ਅਰਾਮ ਕੀਤਾ। ਜਾਣ ਦਾ ਕੋਈ ਚਿਤ-ਚੇਤਾ ਵੀ ਨਹੀਂ ਸੀ। ਸਰਦਾਰ ਜੀ ਨਾਲ ਗੱਲਾਂ ਬਾਤਾਂ ਕਰਦਿਆਂ ਕਰਦਿਆਂ, ਅਚਾਨਕ ਆਪਣਾ ਸੀਸ ਉਨ੍ਹਾਂ ਦੇ ਗੋਡੇ ਤੇ ਰਖ ਦਿਤਾ, ਭਾਵ ਨਮਸਕਾਰ ਕੀਤੀ। ਬਸ ਫਿਰ ਕੀ ਸੀ, ਪੰਛੀ ਉਡਾਰੀ ਮਾਰ ਗਿਆ। ਦਿਲੀ ਦੇ ਸਿੰਘ ਸਿੰਘਣੀਆਂ ਉਸੇ ਵੇਲੇ ਪੁਜ ਗਏ ਅਤੇ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਅਰੰਭ ਹੋ ਗਏ। ਦੂਜੇ ਦਿਨ ਸਸਕਾਰ ਹੋਣ ਤਕ ਪਾਠ ਜਾਰੀ ਰਹੇ। ਫਿਰ ੧੨-੭-੭੪ ਨੂੰ ਸ੍ਰੀ ਅਖੰਡ ਪਾਠ ਅਰੰਭ ਹੋ ਗਿਆ ਅਤੇ ੧੪-੭-੭੪ ਨੂੰ ਭੋਗ ਉਪਰੰਤ ਬੇਅੰਤ ਕੀਰਤਨ ਤੇ ਲੰਗਰ ਵਰਤਿਆ। ਭੋਗ ਸਮੇਂ 'ਸੂਰਾ' ਮਾਸਕ ਪੱਤਰ ਨੂੰ ੨੧ ਦਮੜੇ ਭੇਟਾ ਕੀਤੇ ਗਏ। ਸਤਿਗੁਰੂ ਵਿਛੜੀ ਆਤਮਾ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ ਅਤੇ ਪਰਵਾਰ ਨੂੰ ਚੜ੍ਹਦੀਆਂ ਕਲਾਂ ਵਿਚ ਭਾਣਾ ਮੰਨਣ ਦਾ ਬਲ ਦਾਨ ਕਰਨ।

ਦਾਸਰੇ ਸੇਵਾਦਾਰ ਸੂਰਾ

www.AKJ.Org

# ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ

ਆਤਮ-ਰੰਗਾਂ ਅਤੇ ਨੂਰਾਨੀ ਚਮਤਕਾਰਾਂ ਵਾਲੀ ਦੁਨੀਆ ਦੇ ਦਰਸ਼ਨ ਕਰਨ ਲਈ ਅਤੇ ਨਾਮ ਬਾਣੀ ਦੇ ਪਰਤੱਖ ਕ੍ਰਿਸ਼ਮਿਆਂ ਵਾਲੇ ਤਜਰਬੇ ਜਾਨਣ ਲਈ ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਹੇਠ ਲਿਖੀਆਂ ਪੁਸਤਕਾਂ ਪੜ੍ਹੋ :—

Autobiography of Bhai Sahib Randhir Singh ji
Translated by Dr. Trilochan Singh 20-00

| | | | |
|---|---|---|---|
| ਜੇਲ੍ਹ ਚਿਠੀਆਂ | 7-00 | ਗੁਰਮਤਿ ਸਚ ਨਿਰਣੇ | 6-00 |
| ਰੰਗਲੇ ਸਜਣ | 3-50 | ਸੰਤ ਪਦ ਨਿਰਣੇ | 3-00 |
| ਗੁਰਮਤਿ ਗੌਰਵਤਾ | 7-00 | ਅਨਹਦ ਸ਼ਬਦ ਦਸਮ ਦੁਆਰ | 3-50 |
| ਝਟਕਾ ਮਾਸ ਪ੍ਰਥਾਇ ਗੁਰਮਤਿ ਨਿਰਣੇ | 3-00 | ਗੁਰਮਤਿ ਨਾਮ ਅਭਿਆਸ ਕਮਾਈ | 4-00 |
| ਚਰਨ ਕਮਲ ਕੀ ਮਉਜ | 0-90 | ਦਰਸ਼ਨ ਝਲਕਾਂ | 2-50 |
| ਅੰਮ੍ਰਿਤ ਕਲਾ | 0-55 | ਸਚਖੰਡ ਦਰਸ਼ਨ | 1-00 |
| ਬਾਬਾ ਵੈਦ ਰੋਗੀਆਂ ਦਾ | 0-20 | ਸ਼ੰਕਿਆਂ ਦੇ ਉਤਰ | 0-50 |
| ਆਸਤਕ ਨਾਸਤਕ | 0-25 | ਸਿਖ ਕੌਣ ਹੈ | 0-15 |
| ਜ਼ਾਹਰਾ ਜ਼ਹੂਰ ਗੁਰੂ ਗੋਬਿੰਦ ਸਿੰਘ | 0-10 | ਸਚੀਆਂ ਦਾੜ੍ਹੀਆਂ | 0-20 |
| ਵਾਹਿਗੁਰੂ ਸਿਮਰਨ | 0-20 | ਅਕਾਲ ਪੁਰਖ ਦੇ ਪਰਤਖ ਦਰਸ਼ਨ | 0-20 |
| ਕੀਰਤਨੀ ਜੱਥੇ ਦੀ ਦਾਸਤਾਨ | 0-30 | ਸਿਖੀ ਸਿਦਕ | 0-20 |

## ਛਪਣ ਵਾਲੀਆਂ ਪੁਸਤਕਾਂ

| | |
|---|---|
| ਗੁਰਮਤਿ ਬਿਬੇਕ | ਗੁਰਮਤਿ ਕਰਮ ਫ਼ਿਲਾਸਫ਼ੀ |
| ਕਥਾ ਕੀਰਤਨ | ਗੁਰਬਾਣੀ ਦੀਆਂ ਲਗਾਂ ਮਾਤਰਾਂ ਦੀ ਵਿਲਖਣਤਾ |
| ਗੁਰਮਤਿ ਪ੍ਰਕਾਸ਼ | ਕੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁਤ-ਪ੍ਰਸਤੀ ਹੈ ? |
| ਜੋਤਿ ਵਿਗਾਸ | ਅਣਡਿਠੀ ਦੁਨੀਆ |
| ਗੁਰਮਤਿ ਲੇਖ | ਨਾਮ ਦਾ ਦਾਤਾ ਸਤਿਗੁਰੂ |
| ਗੁਰਮਤਿ ਵਿਚਾਰ | ਨਾਮ ਸਬੰਧੀ ਵਿਚਾਰ |
| ਅੰਮ੍ਰਿਤ ਕੀ ਹੈ | ਉਮਰ ਕੈਦੀ ਦਾ ਸੁਪਨਾ |
| ਗਿਆਨ ਚਾਨਣਾ | ਹਉਮੈ ਨਾਵੈ ਨਾਲ ਵਿਰੋਧ ਹੈ |
| ਗੁਰਮਤਿ ਰਮਜ਼ਾਂ | ਕੋ ਵਿਰਲਾ ਗੁਰਮਤਿ ਚਲੈ ਜੀਉ |
| ਸਿੰਘਾਂ ਦਾ ਪੰਥ ਨਿਰਾਲਾ | |

ਉਪਰੋਕਤ ਪੁਸਤਕਾਂ ਪੜ੍ਹ ਕੇ ਗੁਰਮਤਿ ਦੀ ਸੋਝੀ ਪੈਂਦੀ ਹੈ, ਗੁਰੂ-ਚਰਨਾਂ ਨਾਲ ਪ੍ਰੀਤ ਉਪਜਦੀ ਹੈ ਅਤੇ ਨਾਮ-ਰੰਗਾਂ ਵਿਚ ਰੰਗੀਜੇ ਜਾਈਦਾ ਹੈ ।

ਪੁਸਤਕਾਂ ਮੰਗਾਣ ਦਾ ਪਤਾ :—

**ਭਾ: ਸਾਹਿਬ ਰਣਧੀਰਸਿੰਘ ਪਬਲਿਸ਼ਿੰਗ ਹਾਊਸ, ੧੨੬-ਮਾਡਲ ਟਾਊਨ, ਲੁਧਿਆਣਾ**

ਜਾਂ

**ਮੈਨੇਜਰ 'ਸੂਰਾ' ਮਾਸਕ ਪੱਤਰ, ਕੂਚਾ ਚਤਰ ਸਿੰਘ, ਮਾਈ ਸੇਵਾਂ, ਅੰਮ੍ਰਿਤਸਰ**

www.AKJ.Org